ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

# ਚੜ੍ਹਦੀਕਲਾ

www.charhdikala.com
DAILY CHARHDIKALA, NEW DELHI
Email : charhdikala@gmail.com

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ   ਮੁੱਖ ਸੰਪਾਦਕ : ਡਾ. ਜਗਜੀਤ ਸਿੰਘ 'ਦਰਦੀ'   ਸੰਪਾਦਕ : ਜਸਕੀਰਤ ਸਿੰਘ

PRGI (RNI) Regd. No. 57283/1994   ਸਾਲ/ year 31   ਅੰਕ ਨੰ. Volume No : 102   ਨਵੀਂ ਦਿੱਲੀ, ਮੰਗਲਵਾਰ 14 ਅਪ੍ਰੈਲ, 2026, Tuesday 14 April, 2026   ਮੁੱਲ/Price in Rs. 2 ਰੁਪਏ, ਕੁਲ ਪੇਜ/Total Pages 8   ਫੋਨ ਨੰ. : 23353936

### ਜੇਹਲਮ ਨਦੀ 'ਚ ਡੁੱਬਣ ਨਾਲ ਦੋ ਸਕੇ ਭਰਾਵਾਂ ਦੀ ਮੌਤ ਦੀ ਖ਼ਦਸ਼ਾ

ਅਨੰਤਨਾਗ, 13 ਅਪ੍ਰੈਲ (ਪੱਤਰ ਪ੍ਰੇਰਕ) : ਜੰਮੂ-ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਤੋਂ ਇੱਕ ਬੇਹੱਦ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਸੋਮਵਾਰ ਨੂੰ ਬਿਜਬੇਹੜਾ ਦੇ ਪਾਦਸ਼ਾਹੀਬਾਗ ਇਲਾਕੇ ਵਿੱਚ ਜੇਹਲਮ ਨਦੀ ਵਿੱਚ ਡੁੱਬਣ ਕਾਰਨ ਦੋ ਸਕੇ ਭਰਾਵਾਂ ਦੀ ਮੌਤ ਹੋਣ ਦਾ ਖ਼ਦਸ਼ਾ ਜਤਾਇਆ ਜਾ ਰਿਹਾ ਹੈ। ਅਧਿਕਾਰੀਆਂ ਵੱਲੋਂ ਮਿਲੀ ਜਾਣਕਾਰੀ ਅਨੁਸਾਰ, ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਮਾਜਿਦ ਬਸ਼ੀਰ (30) ਅਤੇ ਸ਼ਾਹਿਦ ਬਸ਼ੀਰ (28) ਆਪਣੀਆਂ ਭੇਡਾਂ ਨੂੰ ਨਦੀ ਵਿੱਚ ਨਹਾ ਰਹੇ ਸਨ।

### ਸੀਮਿੰਟ ਮਿਕਸਰ ਤੇ ਵੈਨ ਦੀ ਭਿਆਨਕ ਟੱਕਰ ਨੇ ਖੋਹੀਆਂ 11 ਜ਼ਿੰਦਗੀਆਂ

ਨਵੀਂ ਦਿੱਲੀ, 13 ਅਪ੍ਰੈਲ (ਪੱਤਰ ਪ੍ਰੇਰਕ) : ਮਹਾਰਾਸ਼ਟਰ ਦੇ ਠਾਣੇ ਜ਼ਿਲ੍ਹੇ ਵਿੱਚ ਸੋਮਵਾਰ ਨੂੰ ਇੱਕ ਭਿਆਨਕ ਸੜਕ ਹਾਦਸਾ ਵਾਪਰਿਆ। ਜਾਣਕਾਰੀ ਅਨੁਸਾਰ ਇੱਕ ਵੈਨ ਅਤੇ ਸੀਮਿੰਟ ਮਿਕਸਰ ਗੱਡੀ ਵਿਚਾਲੇ ਹੋਈ ਜ਼ਬਰਦਸਤ ਟੱਕਰ ਵਿੱਚ 11 ਲੋਕਾਂ ਦੀ ਮੌਤ ਹੋ ਗਈ, ਜਦੋਂ ਕਿ ਹਾਦਸੇ ਵਿੱਚ ਦੋ ਲੋਕ ਗੰਭੀਰ ਜ਼ਖਮੀ ਹੋ ਗਏ ਹਨ।ਇਹ ਘਟਨਾ ਸਵੇਰੇ ਕਰੀਬ 11:30 ਵਜੇ ਮੁਰਬਾਡ ਦੇ ਗੋਵਿਲੀ ਪਿੰਡ ਵਿੱਚ ਰੈਤਾ ਪੁਲ 'ਤੇ ਵਾਪਰੀ।

## ਭਗਵੰਤ ਮਾਨ ਸਰਕਾਰ ਦਾ ਇਤਿਹਾਸਕ ਫੈਸਲਾ; ਬੇਅਦਬੀ ਲਈ ਉਮਰ ਕੈਦ ਦੀ ਸਜ਼ਾ

**ਅਕਾਲੀ-ਭਾਜਪਾ ਅਤੇ ਕਾਂਗਰਸ ਨੇ ਗੁਰੂ ਸਾਹਿਬ ਦੇ ਨਾਮ 'ਤੇ ਵੋਟਾਂ ਮੰਗੀਆਂ ਪਰ 'ਆਪ' ਸਰਕਾਰ ਨੇ ਪਾਲਕੀ ਸਾਹਿਬ ਲੈ ਜਾਣ ਵਾਲੇ ਵਾਹਨਾਂ 'ਤੇ ਟੈਕਸ ਮੁਆਫ਼ ਕੀਤਾ: ਮੁੱਖ ਮੰਤਰੀ ਭਗਵੰਤ ਸਿੰਘ ਮਾਨ**



ਚੰਡੀਗੜ੍ਹ, 13 ਅਪ੍ਰੈਲ (ਪ੍ਰਤੀਨਿਧੀ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਵਿਧਾਨ ਸਭਾ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਵਜੋਂ ਅੱਜ ਸਰਬਸੰਮਤੀ ਨਾਲ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧਨਾ) ਬਿੱਲ, 2026 ਪਾਸ ਕਰ ਦਿੱਤਾ, ਜਿਸ ਨਾਲ ਗੁਰੂ ਸਾਹਿਬ ਦੀ ਬੇਅਦਬੀ ਲਈ ਸਖ਼ਤ ਸਜ਼ਾ ਦੀ ਵਿਵਸਥਾ ਕੀਤੀ ਗਈ ਹੈ। ਇਸ ਫੈਸਲਾਕੁਨ ਕਦਮ ਤਹਿਤ ਭਗਵੰਤ ਮਾਨ ਸਰਕਾਰ ਨੇ ਬੇਅਦਬੀ ਲਈ ਉਮਰ ਕੈਦ ਦੀ ਸਜ਼ਾ ਦੀ ਵਿਵਸਥਾ ਕੀਤੀ ਹੈ, ਜਿਸ ਨਾਲ ਬੇਅਦਬੀ ਨਾਲ ਨਜਿੱਠਣ ਲਈ ਦੇਸ਼ ਦੇ ਸਭ ਤੋਂ ਸਖ਼ਤ ਕਾਨੂੰਨਾਂ ਵਿੱਚੋਂ ਇਕ ਬਣਾਇਆ ਗਿਆ ਹੈ। ਇਸ ਕਾਨੂੰਨ ਨੂੰ ਪਿਛਲੀਆਂ ਸਰਕਾਰਾਂ ਦੀਆਂ ਨਾਕਾਮੀਆਂ ਵਿੱਚ ਇਤਿਹਾਸਕ ਸੁਧਾਰ ਕਰਾਰ ਦਿੰਦਿਆਂ ਮੁੱਖ ਮੰਤਰੀ ਨੇ ਪੁਸ਼ਟੀ ਕੀਤੀ ਕਿ ਨਵਾਂ ਕਾਨੂੰਨ ਪਿਛਲੀਆਂ ਸਰਕਾਰਾਂ ਦੀਆਂ ਕਮੀਆਂ ਨੂੰ ਦੂਰ ਕਰਨ ਦੇ ਨਾਲ-ਨਾਲ ਤੇਜ਼ੀ ਨਾਲ ਜਾਂਚ ਯਕੀਨੀ ਬਣਾਉਂਦਾ ਹੈ, ਅਪਰਾਧਾਂ ਨੂੰ ਗੈਰ-ਜ਼ਮਾਨਤੀ ਬਣਾਉਂਦਾ ਹੈ ਅਤੇ ਪੰਜ ਸਾਲ ਤੋਂ ਲੈ ਕੇ ਉਮਰ ਕੈਦ ਤੱਕ ਸਖ਼ਤ ਸਜ਼ਾਵਾਂ ਦੇ ਨਾਲ-ਨਾਲ 20 ਲੱਖ ਰੁਪਏ ਤੱਕ ਦੇ ਜੁਰਮਾਨੇ ਦੀ ਵਿਵਸਥਾ ਕਰਦਾ ਹੈ, ਜਦੋਂ ਕਿ ਬੇਅਦਬੀ ਵਿੱਚ ਸਹਾਇਤਾ ਕਰਨ ਵਾਲਿਆਂ ਨੂੰ ਵੀ ਬਰਾਬਰ ਜਵਾਬਦੇਹ ਬਣਾਉਂਦਾ ਹੈ। ਪਿਛਲੀਆਂ ਸਰਕਾਰਾਂ ਨਾਲ ਤੁਲਨਾ ਕਰਦਿਆਂ ਉਨ੍ਹਾਂ ਕਿਹਾ ਕਿ ਜਿੱਥੇ ਅਕਾਲੀ-ਭਾਜਪਾ ਅਤੇ ਕਾਂਗਰਸ ਗੁਰੂ ਸਾਹਿਬ ਦੇ ਨਾਮ 'ਤੇ ਵੋਟਾਂ ਮੰਗਦੇ ਸਨ, ਉੱਥੇ ਇਹ 'ਆਪ' ਸਰਕਾਰ ਹੈ, ਜਿਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰਤਾ ਨੂੰ ਬਰਕਰਾਰ ਰੱਖਣ ਲਈ ਠੋਸ ਕਦਮ ਚੁੱਕੇ ਹਨ ਅਤੇ ਇਹ ਯਕੀਨੀ ਬਣਾਇਆ ਹੈ ਕਿ ਕੋਈ ਵੀ ਦੁਬਾਰਾ ਅਜਿਹੇ ਅਪਰਾਧ ਕਰਨ ਦੀ ਹਿੰਮਤ ਨਾ ਕਰੇ।

ਬਹਿਸ ਵਿੱਚ ਹਿੱਸਾ ਲੈਂਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਮੈਂ ਅਜ਼ੀਮ ਸਦਨ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਇਹ ਬਿੱਲ ਭਵਿੱਖ ਵਿੱਚ ਬੇਅਦਬੀ ਦੇ ਅੰਤ ਨੂੰ ਦਰਸਾਉਂਦਾ ਹੈ ਕਿਉਂਕਿ ਇਹ ਯਕੀਨੀ ਬਣਾਏਗਾ ਕਿ ਕੋਈ ਵੀ ਅਜਿਹੇ ਘਿਨਾਉਣੇ ਅਪਰਾਧ ਵਿੱਚ ਸ਼ਾਮਲ ਹੋਣ ਦੀ ਹਿੰਮਤ ਨਹੀਂ ਕਰੇਗਾ।" ਮੁੱਖ ਮੰਤਰੀ ਨੇ ਕਿਹਾ, "ਪਿਛਲੇ ਸਮੇਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਿਨਾਉਣੀਆਂ ਕਾਰਵਾਈਆਂ ਸੂਬੇ ਵਿੱਚ ਸਖ਼ਤ ਮਿਹਨਤ ਨਾਲ ਬਣਾਈ ਸ਼ਾਂਤੀ, ਸਦਭਾਵਨਾ, ਭਾਈਚਾਰਾ ਅਤੇ ਫਿਰਕੂ ਸਦਭਾਵਨਾ ਨੂੰ ਭੰਗ ਕਰਨ ਦੀ ਡੂੰਘੀ ਸਾਜ਼ਿਸ਼ ਸੀ।

## ਮਹਿਲਾ ਸਸ਼ਕਤੀਕਰਨ ਲਈ ਜੀਵਨ ਚੱਕਰ ਦੇ ਹਰ ਪੜਾਅ ਲਈ ਯੋਜਨਾ ਬਣਾ ਰਹੀ ਹੈ ਸਰਕਾਰ : ਮੋਦੀ

ਨਵੀਂ ਦਿੱਲੀ, 13 ਅਪ੍ਰੈਲ (ਪੱਤਰ ਪ੍ਰੇਰਕ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਨੂੰ ਕਿਹਾ ਕਿ ਸਰਕਾਰ ਔਰਤਾਂ ਦੇ ਸਹੀ ਮਾਇਨੇ 'ਚ ਸਸ਼ਕਤੀਕਰਨ ਲਈ ਜੀਵਨ ਚੱਕਰ ਦੇ ਹਰ ਪੜਾਅ ਲਈ ਵਿਸ਼ੇਸ਼ ਯੋਜਨਾਵਾਂ ਬਣਾ ਰਹੀ ਹੈ ਅਤੇ ਉਨ੍ਹਾਂ ਨੂੰ ਸਫ਼ਲਤਾਪੂਰਵਕ ਲਾਗੂ ਕੀਤਾ ਜਾ ਰਿਹਾ ਹੈ। ਪੀ.ਐੱਮ. ਮੋਦੀ ਨੇ ਵੀਰਵਾਰ ਨੂੰ ਸੰਸਦ 'ਚ ਮਹਿਲਾ ਰਾਖਵਾਂਕਰਨ ਬਿੱਲ ਪਾਸ ਕੀਤੇ ਜਾਣ ਤੋਂ ਪਹਿਲਾਂ ਉਸ ਦੇ ਪਿਛੋਕੜ 'ਚ ਇੱਥੇ ਆਯੋਜਿਤ ਜਾਰੀ ਚੱਕਰ ਦੇ ਹਰ ਪੜਾਅ ਲਈ ਯੋਜਨਾਵਾਂ ਬਣਆਈਆਂ, ਉਨ੍ਹਾਂ ਨੂੰ ਸਫਲਤਾਪੂਰਵਕ ਲਾਗੂ ਕੀਤਾ ਹੈ। ਉਨ੍ਹਾਂ ਕਿਹਾ ਕਿ ਆਜ਼ਾਦੀ ਦੀ ਲੜਾਈ ਤੋਂ ਲੈ ਕੇ ਸੰਵਿਧਾਨ ਸਭਾ ਦੇ ਫੈਸਲਿਆਂ ਤੱਕ ਆਜ਼ਾਦ ਭਾਰਤ ਦੀ ਨੀਂਹ ਰੱਖਣ 'ਚ ਭਾਰਤ ਦੀ ਨਾਰੀ ਸਕਤੀ ਨੇ ਅਸੀਮਿਤ ਯੋਗਦਾਨ ਦਿੱਤਾ ਹੈ ਅਤੇ ਦੇਸ਼ 'ਚ ਮਹਿਲਾ ਅਗਵਾਈ ਦਾ ਇਕ ਬਿਹਤਰੀਨ ਉਦਾਹਰਣ ਪੰਚਾਇਤ ਰਾਜ ਸੰਸਥਾਵਾਂ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਰਕਾਰ ਪ੍ਰਗਤੀਸ਼ੀਲ ਸਮਾਜ ਦੀ ਧਾਰਨਾ ਨੂੰ ਸਾਕਾਰ ਕਰਨ ਦੇ ਮਕਸਦ ਨਾਲ ਕਈ ਛੋਟੇ ਵੱਡੇ ਕਦਮਾਂ ਨਾਲ ਔਰਤਾਂ ਨੂੰ ਸਸ਼ਕਤ ਬਣਾ ਰਹੀ ਹੈ। ਉਨ੍ਹਾਂ ਕਿਹਾ ਕਿ ਮਹਿਲਾ ਰਾਖਵਾਂਕਰਨ ਬਿੱਲ ਰਾਹੀਂ ਔਰਤਾਂ ਨੂੰ ਲੋਕ ਸਭਾ ਅਤੇ ਵਿਧਾਨ ਸਭਾਵਾਂ 'ਚ ਵੀ ਇਕ ਤਿਹਾਈ ਰਾਖਵਾਂਕਰਨ ਦੇ ਕੇ ਹੁਣ ਦੇਸ਼ ਔਰਤਾਂ ਨੂੰ ਸਸ਼ਕਤ ਬਣਾ ਕੇ ਲੋਕਤੰਤਰ ਨੂੰ ਵੀ ਨਵੇਂ ਤਰੀਕੇ ਨਾਲ ਮਜ਼ਬੂਤ ਬਣਾਉਣ ਜਾ ਰਿਹਾ ਹੈ। ਉਨ੍ਹਾਂ ਕਿਹਾ, ਅੱਜ ਔਰਤਾਂ ਉਨ੍ਹਾਂ ਖੇਤਰਾਂ 'ਚ ਵੀ ਬੁਲੰਦੀਆਂ ਨੂੰ ਛੂਹ ਰਹੀ ਹੈ, ਜਿੱਥੇ ਕਦੇ ਪੁਰਸ਼ਾਂ



ਦਾ ਏਕਾਧਿਕਾਰ ਮੰਨਿਆ ਜਾਂਦਾ ਸੀ। ਦੇਸ਼ ਦੀ ਨਾਰੀਸ਼ਕਤੀ ਨੇ ਆਪਣੀ ਮਿਹਨਤ, ਸਾਹਸ ਅਤੇ ਆਤਮਵਿਸ਼ਵਾਸ ਨਾਲ ਨਵੀਆਂ ਉੱਚਾਈਆਂ ਨੂੰ ਛੂਹਿਆ ਹੈ। ਹੁਣ ਅਸੀਂ ਮਿਲ ਕੇ ਇਸ ਸ਼ਕਤੀ ਨੂੰ ਨਵੀਂ ਊਰਜਾ ਦੇਣੀ ਹੈ, ਉਸ ਲਈ ਮੌਕਿਆਂ ਦਾ ਵਿਸਥਾਰ ਕਰਨਾ ਹੈ। ਸ਼੍ਰੀ ਮੋਦੀ ਨੇ ਸੰਮੇਲਨ 'ਚ ਮੌਜੂਦ ਨਾਰੀ ਸ਼ਕਤੀ ਨੂੰ ਵਿਸ਼ਵਾਸ ਦਿਵਾਇਆ ਕਿ ਸਰਕਾਰ ਉਨ੍ਹਾਂ ਦੀਆਂ ਇੱਛਾਵਾਂ ਪੂਰੀਆਂ ਕਰਨ ਲਈ ਲਗਾਤਾਰ ਕਦਮ ਚੁੱਕ ਰਹੀ ਹੈ। ਉਨ੍ਹਾਂ ਕਿਹਾ, ਮੈਂ ਸਾਰਿਆਂ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਦੇਸ਼ ਉਨ੍ਹਾਂ ਦੀਆਂ ਇੱਛਾਵਾਂ ਨੂੰ ਸਮਝਦਾ ਹੈ ਅਤੇ ਉਨ੍ਹਾਂ ਨੂੰ ਪੂਰਾ ਕਰਨ ਲਈ ਕਦਮ ਚੁੱਕ ਰਿਹਾ ਹੈ। ਪੀ.ਐੱਮ. ਮੋਦੀ ਨੇ ਅਪੀਲ ਕੀਤੀ ਕਿ ਉਹ ਮਹਿਲਾ ਰਾਖਵਾਂਕਰਨ ਬਿੱਲ ਨੂੰ ਪਾਸ ਕਰਵਾਉਣ ਲਈ ਸਾਰੇ ਸੰਸਦ ਮੈਂਬਰਾਂ ਨੂੰ ਭਰੋਸੇ 'ਚ ਲੈਣ ਅਤੇ ਉਨ੍ਹਾਂ ਨੂੰ ਇਸ ਦੇ ਸਮਰਥਨ 'ਚ ਤਿਆਰ ਕਰਨ। ਉਨ੍ਹਾਂ ਕਿਹਾ ਕਿ ਇਸ ਸੰਮੇਲਨ 'ਚ ਹੋਈ ਚਰਚਾ ਨੂੰ ਵੀ ਦੇਸ਼ ਦੇ ਕੋਨੇ-ਕੋਨੇ ਤੱਕ ਹਰ ਮਹਿਲਾ ਤੱਕ ਪਹੁੰਚਾਇਆ ਜਾਣਾ ਚਾਹੀਦਾ।

## ਚੀਨ ਨੂੰ ਅਮਰੀਕੀ ਰਾਸ਼ਟਰਪਤੀ ਟਰੰਪ ਦੀ ਧਮਕੀ

### ਈਰਾਨ ਦੀ ਮੱਦਦ ਕਰਨ 'ਤੇ ਲਗਾਵਾਂਗੇ 50 ਫੀਸਦੀ ਟੈਰਿਫ



ਵਾਸ਼ਿੰਗਟਨ, 13 ਅਪ੍ਰੈਲ (ਪੱਤਰ ਪ੍ਰੇਰਕ) : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਜੰਗ ਵਿਚ ਚੀਨ ਨੂੰ ਨਿਸ਼ਾਨਾ ਬਣਾਉਂਦੇ ਹੋਏ ਨਵਾਂ ਮੋਰਚਾ ਖੋਲ੍ਹ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਚੀਨ ਈਰਾਨ ਨੂੰ ਹਥਿਆਰ ਸਪਲਾਈ ਕਰਦੇ ਹੋਏ ਪਾਇਆ ਗਿਆ ਤਾਂ ਉਸ ਨੂੰ 50 ਫੀਸਦ ਤੱਕ ਦਾ ਭਾਰੀ ਟੈਰਿਫ ਦੇਣਾ ਪੈ ਸਕਦਾ ਹੈ। ਇਸ ਦੇ ਨਾਲ ਹੀ ਟਰੰਪ ਨੇ ਇਕ ਪ੍ਰਸਤਾਵ ਵੀ ਰੱਖਿਆ ਕਿ ਇਸ ਦੀ ਬਜਾਏ ਅਮਰੀਕਾ ਤੋਂ ਸਸਤਾ ਤੇਲ ਖਰੀਦੇ।ਇਕ ਇੰਟਰਵਿਊ ਵਿਚ ਟਰੰਪ ਦਾ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਅਮਰੀਕਾ-ਈਰਾਨ ਗੱਲਬਾਤ ਕਿਸੇ ਸਿੱਟੇ 'ਤੇ ਨਹੀਂ ਪਹੁੰਚੀ ਹੈ ਤੇ ਵਾਸ਼ਿੰਗਟਨ ਵੱਲੋਂ ਹੋਰਮੁਜ਼ ਸਟ੍ਰੇਟ ਦੀ ਨਾਕਾਬੰਦੀ ਕੀਤੀ ਤੇ ਵਧਣ ਦੇ ਫੈਸਲੇ ਦੇ ਬਾਅਦ ਤਣਾਅ ਪਹਿਲਾਂ ਤੋਂ ਕਾਫੀ ਵਧਿਆ ਹੋਇਆ ਹੈ।ਚੀਨ ਵੱਲੋਂ ਈਰਾਨ ਦੀ ਫੌਜੀ ਮਦਦ ਕਰਨ ਨਾਲ ਜੁੜੇ ਸਵਾਲ 'ਤੇ ਟਰੰਪ ਨੇ ਕਿਹਾ ਕਿ ਇਸ ਦੇ ਨਤੀਜੇ ਤਤਕਾਲ ਤੇ ਗੰਭੀਰ ਹੋਣਗੇ। ਮੈਨੂੰ ਸ਼ੱਕ ਹੈ ਕਿ ਉਹ ਅਜਿਹਾ ਕਰਨਗੇ ਜੇਕਰ ਅਸੀਂ ਉਨ੍ਹਾਂ ਨੂੰ ਅਜਿਹਾ ਕਰਦੇ ਹੋਏ ਫੜ ਲਿਆ ਤਾਂ ਉਨ੍ਹਾਂ 'ਤੇ 50 ਫੀਸਦੀ ਟੈਰਿਫ ਲੱਗੇਗਾ ਜੋ ਕਿ ਸੱਚਮੁੱਚ ਬਹੁਤ ਵੱਡੀ ਰਕਮ ਹੈ।ਟਰੰਪ ਦੀ ਇਹ ਧਮਕੀ ਉਨ੍ਹਾਂ ਖੁਫੀਆ ਮੁਲਾਂਕਣ ਦੇ ਬਾਅਦ ਆਈ ਹੈ ਜਿਸ ਵਿਚ ਕਥਿਤ ਤੌਰ 'ਤੇ ਦਾਅਵਾ ਕੀਤਾ ਗਿਆ ਹੈ ਕਿ ਚੀਨ ਈਰਾਨ ਨੂੰ ਹਵਾਈ ਰੱਖਿਆ ਪ੍ਰਣਾਲੀਆਂ ਦੀ ਖੇਪ ਭੇਜਣ ਦੀ ਤਿਆਰੀ ਕਰ ਰਿਹਾ ਹੈ। ਸੰਭਵ ਤੌਰ 'ਤੇ ਪਛਾਣ ਤੋਂ ਬਚਣ ਲਈ ਇਨ੍ਹਾਂ ਖੇਪਾਂ ਨੂੰ ਤੀਜੇ ਦੇਸ਼ਾਂ ਦੇ ਰਸਤੇ ਭੇਜਿਆ ਜਾ ਸਕਦਾ ਹੈ।

## ਹੋਰਮੁਜ਼ ਤੋਂ ਕਿਸੇ ਵੀ ਜਹਾਜ਼ ਨੂੰ ਨਹੀਂ ਨਿਕਲਣ ਦੇਵਾਂਗੇ, ਟਰੰਪ ਨੇ ਕੀਤਾ ਨਾਕੇਬੰਦੀ ਦਾ ਐਲਾਨ



ਈਰਾਨ, 13 ਅਪ੍ਰੈਲ (ਪੱਤਰ ਪ੍ਰੇਰਕ) : ਪਾਕਿਸਤਾਨ ਵਿੱਚ ਗੱਲਬਾਤ ਅਸਫਲ ਹੋਣ ਤੋਂ ਬਾਅਦ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹੋਰਮੁਜ਼ ਜਲਡਮਰੂ ਬਾਰੇ ਇੱਕ ਵੱਡੀ ਧਮਕੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅਮਰੀਕੀ ਜਲ ਸੈਨਾ ਤੁਰੰਤ ਹੋਰਮੁਜ਼ ਦੀ ਨਾਕਾਬੰਦੀ ਸ਼ੁਰੂ ਕਰ ਦੇਵੇਗੀ ਅਤੇ ਅੰਤਰਰਾਸ਼ਟਰੀ ਪਾਣੀਆਂ ਵਿੱਚ ਉਨ੍ਹਾਂ ਸਾਰੇ ਜਹਾਜ਼ਾਂ ਨੂੰ ਰੋਕ ਦੇਵੇਗੀ ਜਿਨ੍ਹਾਂ ਨੇ ਈਰਾਨ ਨੂੰ ਟੋਲ ਅਦਾ ਕੀਤਾ ਹੈ।ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ, ਤੁਰੰਤ ਪ੍ਰਭਾਵ ਨਾਲ, ਸੰਯੁਕਤ ਰਾਜ ਜਲ ਸੈਨਾ ਹੋਰਮੁਜ਼ ਜਲਡਮਰੂ ਵਿੱਚ ਦਾਖਲ ਹੋਣ ਜਾਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰਨ ਵਾਲੇ ਸਾਰੇ ਜਹਾਜ਼ਾਂ ਦੀ ਨਾਕਾਬੰਦੀ ਸ਼ੁਰੂ ਕਰ ਦੇਵੇਗੀ।ਟਰੰਪ ਨੇ ਅੱਗੇ ਕਿਹਾ ਕਿ ਉਨ੍ਹਾਂ ਨੇ ਆਪਣੀ ਜਲ ਸੈਨਾ ਨੂੰ ਅੰਤਰਰਾਸ਼ਟਰੀ ਪਾਣੀਆਂ ਵਿੱਚ ਹਰ ਉਸ ਜਹਾਜ਼ ਨੂੰ ਰੋਕਣ ਅਤੇ ਜਾਂਚ ਕਰਨ ਦੇ ਨਿਰਦੇਸ਼ ਵੀ ਦਿੱਤੇ ਹਨ ਜਿਸਨੇ ਈਰਾਨ ਨੂੰ ਟੋਲ ਅਦਾ ਕੀਤਾ ਹੈ। ਜੋ ਕੋਈ ਵੀ ਇਸ ਗੈਰ-ਕਾਨੂੰਨੀ ਟੋਲ ਦਾ ਭੁਗਤਾਨ ਕਰਦਾ ਹੈ ਉਸਨੂੰ ਸਮੁੰਦਰ ਵਿੱਚ ਸੁਰੱਖਿਅਤ ਰਸਤਾ ਨਹੀਂ ਮਿਲੇਗਾ।ਅਮਰੀਕਾ ਅਤੇ ਈਰਾਨ ਵਿਚਕਾਰ ਸ਼ਾਂਤੀ ਵਾਰਤਾ ਬਿਨਾਂ ਕਿਸੇ ਸਮਝੌਤੇ ਦੇ ਖਤਮ ਹੋਣ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ, ਟਰੂਥ ਸੋਸ਼ਲ 'ਤੇ ਇਹ ਟਿੱਪਣੀਆਂ ਕੀਤੀਆਂ। ਟਰੰਪ ਨੇ ਕਿਹਾ ਕਿ ਮੀਟਿੰਗ ਚੰਗੀ ਰਹੀ ਅਤੇ ਜ਼ਿਆਦਾਤਰ ਮੁੱਦਿਆਂ 'ਤੇ ਸਮਝੌਤਾ ਹੋ ਗਿਆ, ਪਰ ਦੋਵੇਂ ਧਿਰਾਂ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ 'ਤੇ ਸਹਿਮਤ ਨਹੀਂ ਹੋ ਸਕੀਆਂ।ਰਾਸ਼ਟਰਪਤੀ ਡੋਨਾਲਡ ਟਰੰਪ ਦੇ ਐਲਾਨ ਤੋਂ ਬਾਅਦ, ਸੰਯੁਕਤ ਰਾਜ ਦੀ ਕੇਂਦਰੀ ਕਮਾਂਡ ਨੇ ਐਲਾਨ ਕੀਤਾ ਕਿ ਉਹ ਸੋਮਵਾਰ ਸਵੇਰੇ 10 ਵਜੇ ਤੋਂ ਈਰਾਨੀ ਬੰਦਰਗਾਹਾਂ ਦੀ ਨਾਕਾਬੰਦੀ ਸ਼ੁਰੂ ਕਰ ਦੇਵੇਗੀ। ਸੈਂਟਕਾਮ ਦੇ ਅਨੁਸਾਰ, ਇਹ ਨਾਕਾਬੰਦੀ ਈਰਾਨੀ ਬੰਦਰਗਾਹਾਂ ਅਤੇ ਤੱਟਵਰਤੀ ਖੇਤਰਾਂ ਵਿੱਚ ਦਾਖਲ ਹੋਣ ਜਾਂ ਬਾਹਰ ਨਿਕਲਣ ਵਾਲੇ ਸਾਰੇ ਦੇਸ਼ਾਂ ਦੇ ਜਹਾਜ਼ਾਂ 'ਤੇ ਨਿਰਪੱਖਤਾ ਨਾਲ ਲਾਗੂ ਕੀਤੀ ਜਾਵੇਗੀ।

## ਬਰਾਤੀਆਂ ਨਾਲ ਭਰੀ ਬੱਸ ਦੀ ਟਰੱਕ ਨਾਲ ਹੋਈ ਟੱਕਰ, 6 ਲੋਕਾਂ ਦੀ ਮੌਤ

ਹਾਪੁੜ, 13 ਅਪ੍ਰੈਲ (ਪੱਤਰ ਪ੍ਰੇਰਕ) : ਉੱਤਰ ਪ੍ਰਦੇਸ਼ ਦੇ ਹਾਪੁੜ ਵਿੱਚ ਬਰਾਤੀਆਂ ਨਾਲ ਭਰੀ ਬੱਸ ਦੀ ਇੱਕ ਟਰੱਕ ਨਾਲ ਟੱਕਰ ਹੋ ਗਈ। ਇਸ ਹਾਦਸੇ ਵਿੱਚ ਛੇ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਸੱਤ ਗੰਭੀਰ ਜ਼ਖ਼ਮੀ ਹੋ ਗਏ। ਵਿਆਹ ਦੀ ਬਰਾਤ ਗਾਜ਼ੀਆਬਾਦ ਦੇ ਡਾਸਨਾ ਤੋਂ ਬੁਲੰਦਸ਼ਹਿਰ ਦੇ ਗੁਲਾਓਥੀ ਜਾ ਰਹੀ ਸੀ। ਟੱਕਰ ਇੰਨੀ ਜ਼ਬਰਦਸਤ ਸੀ ਕਿ ਬੱਸ ਪਲਟ ਗਈ, ਜਿਸ ਕਾਰਨ ਵਿਆਹ ਦੇ ਮਹਿਮਾਨ ਅੰਦਰ ਹੀ ਫਸ ਗਏ।ਹਾਦਸੇ ਤੋਂ ਬਾਅਦ ਮੌਕੇ 'ਤੇ ਚੀਕ-ਚਿਹਾੜਾ ਮਚ ਗਿਆ। ਪੁਲਿਸ ਮੌਕੇ 'ਤੇ ਪਹੁੰਚੀ ਅਤੇ ਰਾਹਗੀਰਾਂ ਦੇ ਨਾਲ ਮਿਲ ਕੇ ਬਚਾਅ ਕਾਰਜ ਕੀਤਾ। ਉਨ੍ਹਾਂ ਨੇ ਬੱਸ ਦੀਆਂ ਖਿੜਕੀਆਂ ਤੋੜ ਕੇ ਲੋਕਾਂ ਨੂੰ ਬਾਹਰ ਕੱਢਿਆ। ਜ਼ਖ਼ਮੀਆਂ ਨੂੰ ਹਸਪਤਾਲ ਲਿਜਾਇਆ ਗਿਆ। ਇਹ ਹਾਦਸਾ ਧੌਲਾਣਾ-ਗੁਲਾਵਤੀ ਰੋਡ 'ਤੇ ਉਸ ਸਮੇਂ ਵਾਪਰਿਆ ਜਦੋਂ ਬਰਾਤ ਵਾਪਸ ਆ ਰਹੀ ਸੀ।ਘਟਨਾ ਦੀ ਸੂਚਨਾ ਮਿਲਦੇ ਹੀ ਪ੍ਰਸ਼ਾਸਨਿਕ ਅਮਲਾ ਵੀ ਮੌਕੇ 'ਤੇ ਪਹੁੰਚ ਗਿਆ। ਜ਼ਿਲ੍ਹਾ ਮੈਜਿਸਟ੍ਰੇਟ ਅਭਿਸ਼ੇਕ ਪਾਂਡੇ, ਪੁਲਿਸ ਸੁਪਰਡੈਂਟ ਕੁੰਵਰ ਗਿਆਨੰਜਯ ਸਿੰਘ ਅਤੇ ਮੁੱਖ ਮੈਡੀਕਲ ਅਫ਼ਸਰ ਡਾ. ਵੇਦ ਕੁਮਾਰ ਨੇ ਘਟਨਾ ਸਥਾਨ ਦਾ ਮੁਆਇਨਾ ਕੀਤਾ ਅਤੇ ਜ਼ਖ਼ਮੀਆਂ ਦਾ ਹਾਲ-ਚਾਲ ਪੁੱਛਣ ਲਈ ਹਸਪਤਾਲ ਦਾ ਦੌਰਾ ਕੀਤਾ।

## ਪੱਛਮੀ ਬੰਗਾਲ ਬੰਬਾਂ ਦਾ ਜਵਾਬ ਵੋਟਾਂ ਨਾਲ ਦੇਵੇਗਾ, ਬਣੇਗੀ ਡਬਲ ਇੰਜਣ ਵਾਲੀ ਸਰਕਾਰ : ਅਮਿਤ ਸ਼ਾਹ



ਬੀਰਭੂਮ, 13 ਅਪ੍ਰੈਲ (ਪੱਤਰ ਪ੍ਰੇਰਕ) : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੋਮਵਾਰ ਨੂੰ ਕਿਹਾ ਕਿ ਪੱਛਮੀ ਬੰਗਾਲ ਦੀ ਜਨਤਾ ਬੰਬਾਂ ਦਾ ਜਵਾਬ ਵੋਟਾਂ ਨਾਲ ਦੇਵੇਗੀ ਅਤੇ ਵਿਧਾਨ ਸਭਾ ਚੋਣਾਂ 'ਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ 'ਡਬਲ ਇੰਜਣ' ਵਾਲੀ ਸਰਕਾਰ ਬਣੇਗੀ। ਬੀਰਭੂਮ ਜ਼ਿਲ੍ਹੇ ਦੇ ਮਊਰੇਸ਼ਵਰ 'ਚ ਇਕ ਚੋਣ ਰੈਲੀ ਨੂੰ ਸੰਬੋਧਨ ਕਰਦੇ ਹੋਏ ਸ਼ਾਹ ਨੇ ਦੋਸ਼ ਲਗਾਇਆ ਕਿ ਮੁੱਖ ਮੰਤਰੀ ਮਮਤਾ ਬੈਨਰਜੀ ਰਾਜ ਦੇ ਬਹੁਸੰਖਿਅਕ ਭਾਈਚਾਰੇ ਨੂੰ ਡਰਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਚੋਣਾਂ ਰਾਜ ਅਤੇ ਦੇਸ਼ ਤੋਂ ਘੁਸਪੈਠੀਆਂ ਨੂੰ ਬਾਹਰ ਕੱਢਣ ਦੀਆਂ ਹਨ। ਉਨ੍ਹਾਂ ਕਿਹਾ ਕਿ ਨਿਰਪੱਖ ਅਤੇ ਆਜ਼ਾਦ ਚੋਣ ਯਕੀਨੀ ਕਰਨ ਲਈ ਚੋਣ ਕਮਿਸ਼ਨ ਨੇ ਰਾਜ 'ਚ ਕੇਂਦਰੀ ਫੋਰਸਾਂ ਭੇਜੀਆਂ ਹਨ। ਸ਼ਾਹ ਨੇ ਕਿਹਾ, ਤ੍ਰਿਣਮੂਲ ਕਾਂਗਰਸ ਦੇ ਗੁੰਡੇ ਚੋਣਾਂ ਦੇ ਦਿਨ ਘਰ ਹੀ ਰਹਿਣ, ਨਹੀਂ ਤਾਂ ਚਾਰ ਮਈ ਤੋਂ ਬਾਅਦ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ ਜਾਵੇਗਾ।

## ਲਾਲੂ ਯਾਦਵ ਨੂੰ ਸੁਪਰੀਮ ਕੋਰਟ ਤੋਂ ਝਟਕਾ

### 'ਜ਼ਮੀਨ ਦੇ ਬਦਲੇ ਨੌਕਰੀ' ਕੇਸ 'ਚ ਐਫ.ਆਈ.ਆਰ. ਰੱਦ ਕਰਨ ਤੋਂ ਇਨਕਾਰ, ਸੀ.ਬੀ.ਆਈ. ਨੂੰ ਮਿਲਿਆ 'ਗ੍ਰੀਨ ਸਿਗਨਲ'



ਪਟਨਾ, 13 ਅਪ੍ਰੈਲ (ਪੱਤਰ ਪ੍ਰੇਰਕ) : ਭਾਰਤ ਦੀ ਸੁਪਰੀਮ ਕੋਰਟ (Supreme Court of India) ਨੇ ਇੱਕ ਵੱਡਾ ਫੈਸਲਾ ਸੁਣਾਇਆ ਹੈ, ਜਿਸ ਨਾਲ ਲਾਲੂ ਪ੍ਰਸਾਦ ਯਾਦਵ ਨੂੰ ਵੱਡਾ ਝਟਕਾ ਲੱਗਾ ਹੈ। ਅਦਾਲਤ ਨੇ 'ਜ਼ਮੀਨ ਦੇ ਬਦਲੇ ਨੌਕਰੀ' ਮਾਮਲੇ ਵਿੱਚ FIR ਰੱਦ ਕਰਨ ਦੀ ਮੰਗ ਨੂੰ ਠੁਕਰਾ ਦਿੱਤਾ ਹੈ। ਇਸ ਫੈਸਲੇ ਨਾਲ CBI ਦੀ ਜਾਂਚ ਨੂੰ ਵੱਡੀ ਤਾਕਤ ਮਿਲੀ ਹੈ। ਹੁਣ ਇਸ ਕੇਸ ਦੀ ਕਾਨੂੰਨੀ ਪ੍ਰਕਿਰਿਆ ਪਹਿਲਾਂ ਵਾਂਗ ਹੀ ਜਾਰੀ ਰਹੇਗੀ, ਜਿਸ ਕਾਰਨ ਸਿਆਸੀ ਹਲਕਿਆਂ ਵਿੱਚ ਹਲਚਲ ਤੇਜ਼ ਹੋ ਗਈ ਹੈ।ਇਸ ਮਾਮਲੇ ਦੀ ਸੁਣਵਾਈ ਜਸਟਿਸ ਐਮ.ਐਮ. ਸੁੰਦਰੇਸ਼ ਅਤੇ ਜਸਟਿਸ ਐਨ. ਕੋਟੀਸ਼ਵਰ ਸਿੰਘ ਦੀ ਬੈਂਚ ਨੇ ਕੀਤੀ। ਅਦਾਲਤ ਨੇ ਸਪੱਸ਼ਟ ਕੀਤਾ ਕਿ FIR ਵਿੱਚ ਦਖਲ ਦੇਣ ਦਾ ਕੋਈ ਠੋਸ ਆਧਾਰ ਨਹੀਂ ਮਿਲਿਆ ਹੈ।ਇਹ ਮਾਮਲਾ ਰੇਲਵੇ ਵਿੱਚ ਨੌਕਰੀਆਂ ਦੇ ਬਦਲੇ ਕਥਿਤ ਤੌਰ 'ਤੇ ਜ਼ਮੀਨ ਲੈਣ ਨਾਲ ਜੁੜਿਆ ਹੋਇਆ ਹੈ।

## ਨੋਇਡਾ 'ਚ ਲੱਗਾ ਮਹਾਂ ਜਾਮ, ਸੈਂਕੜੇ ਫੈਕਟਰੀਆਂ 'ਚ ਕੰਮ ਠੱਪ, ਸੜਕਾਂ 'ਤੇ ਉੱਤਰੇ ਕਾਮੇ

ਨੋਇਡਾ, 13 ਅਪ੍ਰੈਲ (ਪੱਤਰ ਪ੍ਰੇਰਕ) : ਰਾਜਧਾਨੀ ਦਿੱਲੀ ਦੇ ਗੁਆਂਢੀ ਸ਼ਹਿਰ ਨੋਇਡਾ ਵਿੱਚ ਉਦਯੋਗਿਕ ਇਕਾਈਆਂ ਦੇ ਕਰਮਚਾਰੀਆਂ ਵੱਲੋਂ ਕੀਤੀ ਗਈ ਤਨਖ਼ਾਹ ਵਾਧੇ ਦੀ ਮੰਗ ਨੇ ਹਿੰਸਕ ਰੂਪ ਧਾਰ ਲਿਆ ਹੈ। ਇਸ ਘਟਨਾ ਤੋਂ ਬਾਅਦ ਦਿੱਲੀ ਪੁਲਸ ਨੇ ਇਲਾਕੇ 'ਚ ਹਾਈ ਅਲਰਟ ਜਾਰੀ ਕਰ ਦਿੱਤਾ ਹੈ ਅਤੇ ਦਿੱਲੀ-ਨੋਇਡਾ ਬਾਰਡਰ 'ਤੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਹਨ।ਨੋਇਡਾ ਦੇ ਫੇਜ਼-2 ਅਤੇ ਸੈਕਟਰ 60 ਇਲਾਕਿਆਂ ਵਿੱਚ ਪ੍ਰਦਰਸ਼ਨ ਦੌਰਾਨ ਅਗਜ਼ਨੀ, ਭੰਨਤੋੜ ਅਤੇ ਪੱਥਰਬਾਜ਼ੀ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਹਜ਼ਾਰਾਂ ਦੀ ਗਿਣਤੀ ਵਿੱਚ ਇਕੱਠੇ ਹੋਏ ਮਜ਼ਦੂਰ ਆਪਣੀਆਂ ਲੰਬੇ ਸਮੇਂ ਤੋਂ ਲਟਕਦੀਆਂ ਤਨਖ਼ਾਹ ਸਬੰਧੀ ਮੰਗਾਂ ਨੂੰ ਲੈ ਕੇ ਪ੍ਰਦਰਸ਼ਨ ਕਰ ਰਹੇ ਸਨ।ਦਿੱਲੀ ਪੁਲਸ ਨੇ ਨੋਇਡਾ ਨੂੰ ਦਿੱਲੀ ਨਾਲ ਜੋੜਨ ਵਾਲੀਆਂ ਸਾਰੀਆਂ ਸੜਕਾਂ 'ਤੇ ਬੈਰੀਕੇਡਿੰਗ ਵਧਾ ਦਿੱਤੀ ਹੈ। ਉੱਤਰ ਪ੍ਰਦੇਸ਼ ਤੋਂ ਆਉਣ ਵਾਲੇ ਹਰ ਵਾਹਨ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਕੋਈ ਵੀ ਸ਼ਰਾਰਤੀ ਅਨਸਰ ਦਿੱਲੀ ਵਿੱਚ ਦਾਖ਼ਲ ਨਾ ਹੋ ਸਕੇ। ਸਥਿਤੀ ਨੂੰ ਸੰਭਾਲਣ ਲਈ ਰੈਪਿਡ ਰਿਸਪਾਂਸ ਟੀਮਾਂ ਅਤੇ ਅਰਧ-ਸੈਨਿਕ ਬਲਾਂ ਨੂੰ ਚੱਪੇ-ਚੱਪੇ 'ਤੇ ਤਾਇਨਾਤ ਕੀਤਾ ਗਿਆ ਹੈ। ਪ੍ਰਦਰਸ਼ਨਾਂ ਕਾਰਨ ਦਿੱਲੀ ਵਿੱਚ ਦਾਖ਼ਲ ਹੋਣ ਵਾਲੀਆਂ ਸੜਕਾਂ 'ਤੇ ਸਖ਼ਤ ਚੈਕਿੰਗ ਕਾਰਨ ਭਾਰੀ ਟ੍ਰੈਫਿਕ ਜਾਮ ਲੱਗ ਗਿਆ ਹੈ, ਜਿਸ ਵਿੱਚ ਹਜ਼ਾਰਾਂ ਮੁਸਾਫਰ ਕਈ ਘੰਟਿਆਂ ਤੋਂ ਫਸੇ ਹੋਏ ਹਨ। ਦਿੱਲੀ ਪੁਲਸ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ, ਅਸੀਂ ਪੂਰੀ ਤਰ੍ਹਾਂ ਚੌਕਸ ਹਾਂ। ਕਿਸੇ ਨੂੰ ਵੀ ਕਾਨੂੰਨ ਵਿਵਸਥਾ ਵਿਗਾੜਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

## ਕਸੌਲੀ ਦੀ ਹੈਰੀਟੇਜ ਮਾਰਕਿਟ ਵਿੱਚ ਲੱਗੀ ਅੱਗ

ਕਸੌਲੀ : 13 ਅਪ੍ਰੈਲ (ਪੱਤਰ ਪ੍ਰੇਰਕ): ਕਸੌਲੀ ਸ਼ਹਿਰ ਦੇ ਵਿਰਾਸਤੀ (ਹੈਰੀਟੇਜ) ਬਾਜ਼ਾਰ ਵਿੱਚ ਸੋਮਵਾਰ ਤੜਕੇ ਲੱਗੀ ਅੱਗ ਕਾਰਨ ਕਈ ਦੁਕਾਨਾਂ ਸੜ ਕੇ ਸੁਆਹ ਹੋ ਗਈਆਂ। ਪ੍ਰਤੱਖਦਰਸ਼ੀਆਂ ਅਨੁਸਾਰ ਅੱਗ ਇੱਕ ਦੁਕਾਨ ਵਿੱਚ ਐੱਲ ਪੀ ਜੀ (LPG) ਸਿਲੰਡਰ ਵਿੱਚ ਹੋਏ ਧਮਾਕੇ ਕਾਰਨ ਲੱਗੀ ਅਤੇ ਜਲਦੀ ਹੀ ਆਲੇ-ਦੁਆਲੇ ਦੀਆਂ ਦੁਕਾਨਾਂ ਤੱਕ ਫੈਲ ਗਈ ਮੁਢਲੀ ਜਾਣਕਾਰੀ ਅਨੁਸਾਰ ਇਸ ਘਟਨਾ ਵਿੱਚ ਤਿੰਨ ਰੈਸਟੋਰੈਂਟਾਂ ਅਤੇ ਇੱਕ ਦਵਾਈਆਂ ਦੀ ਦੁਕਾਨ ਦਾ ਭਾਰੀ ਨੁਕਸਾਨ ਹੋਇਆ ਹੈ। ਸਥਿਤੀ ਉਦੋਂ ਹੋਰ ਵਿਗੜ ਗਈ ਜਦੋਂ ਇੱਕ ਤੋਂ ਬਾਅਦ ਇੱਕ ਕਈ ਐੱਲ ਪੀ ਜੀ ਸਿਲੰਡਰ ਫਟ ਗਏ, ਜਿਸ ਨਾਲ ਅੱਗ ਹੋਰ ਭੜਕ ਗਈ। ਲਗਾਤਾਰ ਫੈਲ ਰਹੀ ਅੱਗ ਬੁਝਾਉਣ ਦੇ ਕੰਮ ਵਿੱਚ ਮਦਦ ਲਈ ਨੇੜਲੇ ਇਲਾਕੇ ਪਰਵਾਣੂ ਤੋਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਭੇਜੀਆਂ ਗਈਆਂ ਹਨ।

*ਅਮਰੀਕਾ 'ਚ ਵੱਡਾ ਹਾਦਸਾ*

## ਪੈਟਰੋਲ ਨਾਲ ਭਰੇ ਟੈਂਕਰ ਨੂੰ ਲੱਗੀ ਅੱਗ, ਡਰਾਈਵਰ ਝੁਲਸਿਆ



ਫ਼ੋਰਟ ਵਰਥ (ਅਮਰੀਕਾ), 13 ਅਪ੍ਰੈਲ (ਪ੍ਰਤੀਨਿਧੀ) : ਅਮਰੀਕਾ ਵਿਖੇ ਟੈਕਸਾਸ ਦੇ ਫ਼ੋਰਟ ਵਰਥ ਵਿੱਚ ਐਤਵਾਰ ਨੂੰ ਇੱਕ ਤੇਲ ਦਾ ਟੈਂਕਰ ਇੱਕ ਹੋਰ ਵਾਹਨ ਨਾਲ ਟਕਰਾ ਗਿਆ। ਇਸ ਟੱਕਰ ਮਗਰੋਂ ਟੈਂਕਰ ਭਿਆਨਕ ਅੱਗ ਦੀ ਲਪੇਟ ਵਿੱਚ ਆ ਗਿਆ, ਜਿਸ ਕਾਰਨ ਟਰੱਕ ਡਰਾਇਵਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਫ਼ੋਰਟ ਵਰਥ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਫ਼ੋਰਟ ਵਰਥ ਅਗਨੀਸ਼ਮਨ ਵਿਭਾਗ ਦੇ ਬੁਲਾਰੇ ਕ੍ਰੇਗ ਟ੍ਰੋਜਾਸੇਕ ਅਨੁਸਾਰ 18 ਪਹੀਆ ਵਾਲਾ ਟਰੱਕ, ਜਿਸ ਵਿੱਚ 9,000 ਗੈਲਨ ਪੈਟਰੋਲ ਸੀ, ਇੱਕ ਗੈਸ ਸਟੇਸ਼ਨ ਨੇੜੇ ਇੱਕ ਸੜਕ 'ਤੇ ਕੰਟਰੋਲ ਤੋਂ ਬਾਹਰ ਹੋ ਗਿਆ, ਜਿਸ ਕਾਰਨ ਬਾਲਣ ਲੀਕ ਹੋਣਾ ਸ਼ੁਰੂ ਹੋ ਗਿਆ। ਟ੍ਰੋਜਾਸੇਕ ਨੇ ਕਿਹਾ ਕਿ ਟਰੱਕ ਦੇ ਕੰਟਰੋਲ ਤੋਂ ਬਾਹਰ ਹੋਣ ਕਾਰਨ ਬਿਜਲੀ ਦੀਆਂ ਤਾਰਾਂ ਇਸ 'ਤੇ ਡਿੱਗ ਪਈਆਂ, ਜਿਸ ਕਾਰਨ ਅੱਗ ਲੱਗ ਗਈ। ਹਾਦਸਾ ਦੇਰ ਰਾਤ ਕਰੀਬ 1 ਵਜੇ ਵਾਪਰਿਆ। ਅਧਿਕਾਰੀਆਂ ਨੇ ਦੱਸਿਆ ਕਿ ਡਰਾਇਵਰ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਪੂਰੀ ਕੋਸ਼ਿਸ਼ ਕੀਤੀ ਕਿ ਫ਼ੈਲ ਰਿਹਾ ਪੈਟਰੋਲ ਨੇੜੇ ਸਥਿਤ ਵਲੇਰੋ ਪੈਟਰੋਲ ਪੰਪ ਦੇ ਪਾਰਕਿੰਗ ਖੇਤਰ ਵਿੱਚ ਨਾ ਪਹੁੰਚੇ। ਇਸੇ ਦੌਰਾਨ ਉਹ ਅੱਗ ਦੀ ਲਪੇਟ ਵਿੱਚ ਆ ਕੇ ਗੰਭੀਰ ਰੂਪ ਵਿੱਚ ਝੁਲਸ ਗਿਆ ਅਤੇ ਉਸ ਨੂੰ ਤੁਰੰਤ ਹਸਪਤਾਲ ਦਾਖਲ ਕਰਵਾਇਆ ਗਿਆ। ਰਾਹਤ ਦੀ ਗੱਲ ਇਹ ਰਹੀ ਕਿ ਇਸ ਘਟਨਾ ਵਿੱਚ ਕੋਈ ਹੋਰ ਵਿਅਕਤੀ ਜ਼ਖ਼ਮੀ ਨਹੀਂ ਹੋਇਆ। ਅੱਗ ਇੰਨੀ ਭਿਆਨਕ ਸੀ ਕਿ ਦਮਕਲ ਕਰਮਚਾਰੀਆਂ ਨੂੰ ਇਸ 'ਤੇ ਕਾਬੂ ਪਾਉਣ ਲਈ ਕਈ ਘੰਟੇ ਲੱਗ ਗਏ। ਅੱਗ ਬੁਝਾਉਣ ਲਈ ਪਾਣੀ ਦੇ ਨਾਲ-ਨਾਲ ਪੈਟਰੋਲ ਨੂੰ ਫ਼ੈਲਣ ਤੋਂ ਰੋਕਣ ਲਈ ਰੇਤ ਦੀ ਵਰਤੋਂ ਵੀ ਕੀਤੀ ਗਈ।

## ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਤੇ ਰਾਜਸਥਾਨ ਵਿੱਚ ਗਰਮੀ ਨੇ ਕੱਢੇ ਵੱਟ

### ਆਂਧਰਾ ਪ੍ਰਦੇਸ਼ ਵਿੱਚ ਤਾਪਮਾਨ ਪਹੁੰਚਿਆ 44 ਡਿਗਰੀ ਸੈਲਸੀਅਸ ਤੋਂ ਪਾਰ



ਨਵੀਂ ਦਿੱਲੀ, 13 ਅਪ੍ਰੈਲ (ਪੱਤਰ ਪ੍ਰੇਰਕ) : ਪਿਛਲੇ 15 ਦਿਨਾਂ ਤੋਂ ਪੱਛਮੀ ਗੜਬੜੀ ਨੇ ਪੈ ਰਹੀ ਤੇਜ਼ ਗਰਮੀ 'ਤੇ ਰੋਕ ਲਗਾ ਦਿੱਤੀ ਸੀ, ਪਰ ਹੁਣ ਫਿਰ ਉੱਤਰੀ, ਮੱਧ ਅਤੇ ਪੱਛਮੀ ਭਾਰਤ ਵਿੱਚ ਤਾਪਮਾਨ ਵੱਧ ਰਿਹਾ ਹੈ। ਮੌਸਮ ਵਿਭਾਗ ਦੇ ਅਨੁਸਾਰ, ਇਸ ਹਫ਼ਤੇ ਰਾਜਸਥਾਨ, ਮੱਧ ਪ੍ਰਦੇਸ਼, ਦਿੱਲੀ, ਉੱਤਰ ਪ੍ਰਦੇਸ਼, ਛੱਤੀਸਗੜ੍ਹ, ਗੁਜਰਾਤ, ਸੌਰਾਸ਼ਟਰ, ਕੱਛ, ਬਿਹਾਰ ਅਤੇ ਝਾਰਖੰਡ ਵਿੱਚ ਤਾਪਮਾਨ 40 ਡਿਗਰੀ ਸੈਲਸੀਅਸ ਤੋਂ ਵੱਧ ਜਾਵੇਗਾ।ਅੱਜ ਪੰਜਾਬ, ਹਰਿਆਣਾ, ਚੰਡੀਗੜ੍ਹ, ਦਿੱਲੀ ਅਤੇ ਪੱਛਮੀ ਉੱਤਰ ਪ੍ਰਦੇਸ਼ ਦੇ 30 ਜ਼ਿਲ੍ਹਿਆਂ ਲਈ ਧੂੜ ਭਰੀ ਹਨੇਰੀ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ। ਹਵਾ ਦੀ ਗਤੀ 40 ਕਿਲੋਮੀਟਰ ਪ੍ਰਤੀ ਘੰਟਾ ਤੱਕ ਪਹੁੰਚ ਸਕਦੀ ਹੈ। ਇਸ ਦੌਰਾਨ ਓਡੀਸ਼ਾ, ਆਂਧਰਾ ਪ੍ਰਦੇਸ਼, ਕਰਨਾਟਕ, ਕੇਰਲ, ਤਾਮਿਲਨਾਡੂ, ਪੁਡੂਚੇਰੀ ਅਤੇ ਮੱਧ ਮਹਾਰਾਸ਼ਟਰ ਵਿੱਚ ਗਰਮ ਅਤੇ ਨਮੀ ਵਾਲਾ ਮੌਸਮ ਰਹੇਗਾ। ਆਂਧਰਾ ਪ੍ਰਦੇਸ਼ ਵਿੱਚ ਕੁਝ ਥਾਵਾਂ 'ਤੇ 44 ਡਿਗਰੀ ਸੈਲਸੀਅਸ ਤੱਕ ਤਾਪਮਾਨ ਦਰਜ ਕੀਤਾ ਗਿਆ ਹੈ।

ਇਸ ਦੇ ਉਲਟ, ਉੱਤਰ-ਪੂਰਬ ਵਿੱਚ, ਅਸਾਮ, ਮੇਘਾਲਿਆ, ਅਰੁਣਾਚਲ ਪ੍ਰਦੇਸ਼, ਨਾਗਾਲੈਂਡ, ਮਨੀਪੁਰ, ਮਿਜ਼ੋਰਮ ਅਤੇ ਤ੍ਰਿਪੁਰਾ ਲਈ ਮੀਂਹ ਦੀਆਂ ਚੇਤਾਵਨੀਆਂ ਜਾਰੀ ਕੀਤੀਆਂ ਗਈਆਂ ਹਨ। ਜੰਮੂ ਅਤੇ ਕਸ਼ਮੀਰ, ਉੱਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਦੇ ਉੱਚੇ ਇਲਾਕਿਆਂ ਵਿੱਚ ਵੀ ਬਰਫ਼ਬਾਰੀ ਸੰਭਵ ਹੈ।ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਰਾਜਸਥਾਨ, ਹਰਿਆਣਾ, ਪੰਜਾਬ ਵਿੱਚ ਗਰਮੀ ਤੇਜ਼ ਰਹੇਗੀ। ਬਿਹਾਰ ਅਤੇ ਪੂਰਬੀ ਭਾਰਤ ਵਿੱਚ ਵੀ ਤਾਪਮਾਨ 3-5 ਡਿਗਰੀ ਸੈਲਸੀਅਸ ਵਧ ਸਕਦਾ ਹੈ। ਉੱਤਰ-ਪੂਰਬੀ ਰਾਜਾਂ ਅਸਾਮ, ਮੇਘਾਲਿਆ ਅਤੇ ਅਰੁਣਾਚਲ ਪ੍ਰਦੇਸ਼ ਵਿੱਚ ਮੀਂਹ ਅਤੇ ਗਰਜ ਨਾਲ ਮੀਂਹ ਪੈਣ ਦੀ ਸੰਭਾਵਨਾ ਹੈ। ਜੰਮੂ ਅਤੇ ਕਸ਼ਮੀਰ ਵਿੱਚ ਹਲਕੀ ਬਾਰਿਸ਼ ਅਤੇ ਬਿਜਲੀ ਗਰਜਣ ਦੀ ਸੰਭਾਵਨਾ ਹੈ।

## ਸੰਪਾਦਕੀ

# ਸਥਾਈ ਹੱਲ ਲਈ ਯਤਨ ਹੋਣ

ਅਮਰੀਕਾ ਅਤੇ ਇਜ਼ਰਾਈਲ ਦੇ ਈਰਾਨ ’ਤੇ ਸਾਂਝੇ ਹਮਲੇ ਤੋਂ ਬਾਅਦ ਹਾਲ ਹੀ ਵਿੱਚ ਹੋਏ ਜੰਗਬੰਦੀ ਸਮਝੌਤੇ ਨੇ ਉਮੀਦ ਜਗਾਈ ਹੈ ਕਿ ਦੋਵੇਂ ਧਿਰਾਂ ਜਲਦੀ ਹੀ ਇੱਕ ਸਥਾਈ ਹੱਲ ’ਤੇ ਪਹੁੰਚ ਜਾਣਗੀਆਂ। ਹਾਲਾਂਕਿ, ਲੇਬਨਾਨ ’ਤੇ ਲਗਾਤਾਰ ਇਜ਼ਰਾਈਲੀ ਹਮਲਿਆਂ ਕਾਰਨ ਜੰਗਬੰਦੀ ਖ਼ਤਰੇ ਵਿੱਚ ਪਈ ਜਾਪਦੀ ਸੀ। ਇਸ ਦੇ ਬਾਵਜੂਦ, ਪਾਕਿਸਤਾਨ ਦੇ ਇਸਲਾਮਾਬਾਦ ਵਿੱਚ ਅਮਰੀਕਾ ਅਤੇ ਈਰਾਨ ਵਿਚਕਾਰ ਗੱਲਬਾਤ ਨੇ ਉਮੀਦ ਜਗਾਈ ਸੀ ਕਿ ਯੁੱਧ ਦੇ ਅੰਤ ਦਾ ਰਸਤਾ ਲੱਭਿਆ ਜਾ ਸਕਦਾ ਹੈ। ਹਾਲਾਂਕਿ, ਗੱਲਬਾਤ ਦੀ ਅਸਫਲਤਾ ਦੀਆਂ ਰਿਪੋਰਟਾਂ ਨਿਰਾਸ਼ਾਜਨਕ ਰਹੀਆਂ ਹਨ। ਐਤਵਾਰ ਨੂੰ ਗੱਲਬਾਤ ਖਤਮ ਹੋਣ ਤੋਂ ਬਾਅਦ, ਅਮਰੀਕੀ ਉਪ-ਰਾਸ਼ਟਰਪਤੀ ਜੇ.ਡੀ. ਵੈਂਸ ਨੇ ਕਿਹਾ ਕਿ ਅਮਰੀਕਾ ਅਤੇ ਈਰਾਨ ਵਿਚਕਾਰ ਪਾੜੇ ਨੂੰ ਪੂਰਾ ਕਰਨ ਅਤੇ ਸਮਝੌਤਾ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਗਈ ਸੀ, ਪਰ ਕੋਈ ਸਮਝੌਤਾ ਨਹੀਂ ਹੋਇਆ। ਦੂਜੇ ਪਾਸੇ, ਈਰਾਨ ਨੇ ਕਿਹਾ ਕਿ ਅਮਰੀਕਾ ਦੀਆਂ ਬਹੁਤ ਹੀ ਗੈਰ-ਵਾਜਬ ਮੰਗਾਂ ਅਤੇ ਆਪਣੇ ਰੁਖ਼ ਵਿੱਚ ਲਚਕਤਾ ਦੀ ਘਾਟ ਕਾਰਨ ਦੋਵਾਂ ਦੇਸ਼ਾਂ ਵਿਚਕਾਰ ਗੱਲਬਾਤ ਬਿਨਾਂ ਕਿਸੇ ਸਮਝੌਤੇ ਦੇ ਖਤਮ ਹੋ ਗਈ। ਜ਼ਾਹਰ ਹੈ ਕਿ ਇਸਲਾਮਾਬਾਦ ਵਿੱਚ ਅਮਰੀਕਾ ਅਤੇ ਈਰਾਨ ਵਿਚਕਾਰ ਲੱਗਭੱਗ ਇੱਕੀ ਘੰਟੇ ਚੱਲੀ ਗੱਲਬਾਤ ਦਾ ਕੋਈ ਨਤੀਜਾ ਨਹੀਂ ਨਿਕਲਿਆ, ਅਤੇ ਇਸੇ ਲਈ ਉਨ੍ਹਾਂ ਨੂੰ ਇੱਕ ਅਸਫਲ ਗੱਲਬਾਤ ਕਿਹਾ ਜਾ ਰਿਹਾ ਹੈ। ਸਵਾਲ ਇਹ ਹੈ ਕਿ ਜਦੋਂ ਵਿਵਾਦ ਦੇ ਮੁੱਦੇ ਦੋਵਾਂ ਧਿਰਾਂ ਲਈ ਸਪੱਸ਼ਟ ਸਨ, ਤਾਂ ਕੀ ਉਹ ਇੱਕ ਵਿਹਾਰਕ ਪਹੁੰਚ ਨਹੀਂ ਅਪਣਾ ਸਕਦੇ ਸਨ ਅਤੇ ਯੁੱਧ ਨੂੰ ਖਤਮ ਕਰਨ ਦੇ ਉਦੇਸ਼ ਨਾਲ ਇੱਕ-ਕਦਮ-ਪਿੱਛੇ, ਚਾਰ-ਕਦਮ-ਅੱਗੇ ਪਹੁੰਚ ’ਤੇ ਕੰਮ ਨਹੀਂ ਕਰ ਸਕਦੇ ਸਨ ? ਕਿਸੇ ਵੀ ਸਮਝੌਤੇ ’ਤੇ ਪਹੁੰਚਣ ਲਈ, ਅਮਰੀਕਾ ਈਰਾਨ ਤੋਂ ਇਹ ਭਰੋਸਾ ਮੰਗਦਾ ਹੈ ਕਿ ਉਹ ਪ੍ਰਮਾਣੂ ਹਥਿਆਰ ਵਿਕਸਤ ਨਹੀਂ ਕਰੇਗਾ ਅਤੇ ਇਸ ਸਮਰੱਥਾ ਨੂੰ ਪ੍ਰਾਪਤ ਕਰਨ ਲਈ ਜ਼ਰੂਰੀ ਉਪਕਰਣ ਪ੍ਰਾਪਤ ਕਰਨ ਤੋਂ ਗੁਰੇਜ਼ ਕਰੇਗਾ। ਇਸ ਦੌਰਾਨ, ਈਰਾਨ ਦਾ ਕਹਿਣਾ ਹੈ ਕਿ ਈਰਾਨੀ ਵਫ਼ਦ ਨੇ ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਕਈ ਰਚਨਾਤਮਕ ਯੋਜਨਾਵਾਂ ਪੇਸ਼ ਕੀਤੀਆਂ, ਪਰ ਅਮਰੀਕਾ ਈਰਾਨ ਦਾ ਵਿਸ਼ਵਾਸ ਹਾਸਲ ਕਰਨ ਵਿੱਚ ਅਸਫਲ ਰਿਹਾ। ਜਦੋਂ ਯੁੱਧ ਨੂੰ ਖਤਮ ਕਰਨ ਦੀ ਇੱਛਾ ਪਿੱਛੇ ਇਮਾਨਦਾਰੀ ਹੁੰਦੀ ਹੈ, ਤਾਂ ਸ਼ਰਤਾਂ ਦੀ ਪੂਰਤੀ ਦੀਆਂ ਮੰਗਾਂ ਨੂੰ ਜ਼ਿੱਦ ਵਿੱਚ ਬਦਲਣ ਤੋਂ ਰੋਕਣ ਲਈ ਗੱਲਬਾਤ ਨੂੰ ਸੁਵਿਧਾਜਨਕ ਬਣਾਉਣ ਦੀ ਜ਼ਰੂਰਤ ਹੁੰਦੀ ਹੈ। ਗੱਲਬਾਤ ਦੇ ਮੁੱਖ ਮੁੱਦਿਆਂ ਵਿੱਚ ਈਰਾਨ ਵਿੱਚ ਯੁੱਧ ਦਾ ਪੂਰੀ ਤਰ੍ਹਾਂ ਅੰਤ, ਈਰਾਨ ਦੀਆਂ ਜਾਇਦਾਦਾਂ ਨੂੰ ਜ਼ਬਤ ਕਰਨਾ, ਪ੍ਰਮਾਣੂ ਪ੍ਰੋਗਰਾਮ, ਯੁੱਧ ਮੁਆਵਜ਼ਾ, ਪਾਬੰਦੀਆਂ ਹਟਾਉਣਾ ਅਤੇ ਹੋਰਮੁਜ਼ ਦੀ ਜਲਡਮਰੂ ਸ਼ਾਮਲ ਸਨ। ਪਰ ਕੀ ਦੋਵਾਂ ਧਿਰਾਂ ਤੋਂ ਵਿਹਾਰਕ ਪਹੁੰਚ ਤੋਂ ਬਿਨਾਂ ਕੋਈ ਠੋਸ ਹੱਲ ਕੱਢਿਆ ਜਾ ਸਕਦਾ ਹੈ ? ਇਹ ਸਮਝਣਾ ਮੁਸ਼ਕਲ ਹੈ ਕਿ ਇਜ਼ਰਾਈਲ ਨੇ ਲੇਬਨਾਨੀ ਨਾਗਰਿਕ ਟਿਕਾਣਿਆਂ ’ਤੇ ਹਮਲਾ ਕਰਕੇ ਸ਼ਾਂਤੀ ਦੀਆਂ ਉਮੀਦਾਂ ਨੂੰ ਕਮਜ਼ੋਰ ਕਰਨ ਦੀ ਜ਼ਰੂਰਤ ਕਿਉਂ ਮਹਿਸੂਸ ਕੀਤੀ, ਜਦੋਂ ਕਿ ਈਰਾਨ ਦੇ ਅਨੁਸਾਰ, ਚੌਦਾਂ ਦਿਨਾਂ ਦੀ ਜੰਗਬੰਦੀ ਦੀਆਂ ਸ਼ਰਤਾਂ ਵਿੱਚ ਲੇਬਨਾਨ ’ਤੇ ਹਮਲੇ ਰੋਕਣਾ ਸ਼ਾਮਲ ਸੀ। ਇਹ ਧਿਆਨ ਦੇਣ ਯੋਗ ਹੈ ਕਿ ਇਸ ਇਜ਼ਰਾਈਲੀ ਹਮਲੇ ਤੋਂ ਬਾਅਦ, ਈਰਾਨ ਨੇ ਫਿਰ ਤੋਂ ਹੋਰਮੁਜ਼ ਜਲਡਮਰੂ ਨੂੰ ਬੰਦ ਕਰਨ ਦਾ ਐਲਾਨ ਕੀਤਾ। ਇਸ ਜਲਡਮਰੂ ਦੀ ਰੁਕਾਵਟ ਨੇ ਭਾਰਤ ਸਮੇਤ ਦੁਨੀਆਂ ਭਰ ਦੇ ਕਈ ਦੇਸ਼ਾਂ ਨੂੰ ਕੁਦਰਤੀ ਗੈਸ ਅਤੇ ਤੇਲ ਦੀ ਸਪਲਾਈ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇਹ ਸੱਚ ਹੈ ਕਿ ਅਮਰੀਕਾ ਅਤੇ ਈਰਾਨ ਵਿਚਕਾਰ ਮੌਜੂਦਾ ਸਬੰਧਾਂ ਨੂੰ ਦੇਖਦੇ ਹੋਏ, ਇੱਕ ਸੁਚਾਰੂ ਤਬਦੀਲੀ ਦੀ ਉਮੀਦ ਕਰਨਾ ਮੁਸ਼ਕਲ ਹੈ। ਹਾਲਾਂਕਿ, ਲੰਬੇ ਸਮੇਂ ਬਾਅਦ, ਦੋਵਾਂ ਦੇਸ਼ਾਂ ਵਿਚਕਾਰ ਗੱਲਬਾਤ ਦਾ ਮੌਕਾ ਉੱਭਰਿਆ। ਇਸ ਲਈ, ਸ਼ਾਂਤੀ ਵਾਰਤਾ ਦੀ ਅਸਫਲਤਾ ਦੇ ਬਾਵਜੂਦ, ਇਹ ਜ਼ਰੂਰੀ ਹੈ ਕਿ ਸਾਰੀਆਂ ਧਿਰਾਂ ਘੱਟੋ ਘੱਟ ਜੰਗਬੰਦੀ ਬਣਾਈ ਰੱਖਣ ਲਈ ਸੰਵੇਦਨਸ਼ੀਲ ਰਹਿਣ। ਅਤੇ ਹਮਲਾਵਰ ਬਿਆਨਬਾਜ਼ੀ ਦਾ ਸਹਾਰਾ ਲੈਣ ਦੀ ਬਜਾਏ, ਸਥਾਈ ਸ਼ਾਂਤੀ ਲਈ ਗੱਲਬਾਤ ਲਈ ਜਗ੍ਹਾ ਬਣਾਉਣ ਲਈ ਹਰ ਪੱਧਰ ’ਤੇ ਪਹਿਲਕਦਮੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਤੁਰਕੀ ਦੇ ਰਾਸ਼ਟਰਪਤੀ ਰੇਸੇਪ ਤੈਯਪ ਏਰਦੋਗਨ ਨੇ ਕਿਹਾ, ਜੇਕਰ ਪਾਕਿਸਤਾਨ ਅਮਰੀਕਾ ਅਤੇ ਈਰਾਨ ਵਿਚਕਾਰ ਜੰਗ ਵਿੱਚ ਵਿਚੋਲਗੀ ਨਹੀਂ ਕਰ ਰਿਹਾ ਹੁੰਦਾ, ਤਾਂ ਅਸੀਂ ਇਜ਼ਰਾਈਲ ਨੂੰ ਉਸਦੀ ਜਗ੍ਹਾ ਦਿਖਾ ਦਿੰਦੇ।

-ਜਗਜੀਤ ਸਿੰਘ ਦਰਦੀ

### ਸਰਬੰਸਦਾਨੀ ਦੀ ਦਾਤ ਅਤੇ ਸਾਡੀ ਨਿਘਰਦੀ ਜ਼ਮੀਰ

# ਖਾਲਸਾ ਸਾਜਨਾ ਦਿਵਸ ’ਤੇ ਸਾਰੀ ਸਿੱਖ ਕੌਮ ਨੂੰ ‘ਹਾਅ ਦਾ ਨਾਅਰਾ’



ਵਿੰਕਲਜੀਤ ਸਿੰਘ ਸਰਾ
9501477889

**ਮੈਂ ਕੋਈ ਬੁੱਧੀਜੀਵੀ ਜਾਂ ਵਿਦਵਾਨ ਨਹੀਂ** ; ਗੁਰੂ ਦੇ ਵਿਹੜੇ ਦਾ ਇੱਕ ਨਿਮਾਣਾ ਜਿਹਾ ਬੱਚਾ ਹਾਂ : ਮੈਂ ਕੋਈ ਬੁੱਧੀਜੀਵੀ, ਫਿਲਾਸਫਰ ਜਾਂ ਧਰਮ ਦਾ ਬਹੁਤ ਵੱਡਾ ਗਿਆਤਾ ਹੋਣ ਦਾ ਦਾਅਵਾ ਨਹੀਂ ਕਰਦਾ। ਮੈਂ ਤਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਵਾਜ਼ੇ @ਤੇ ਬੈਠਾ ਇੱਕ ਅਦਨਾ ਜਿਹਾ ਸਿੱਖ ਹਾਂ, ਜੋ ਸਿਰਫ਼ ਆਪਣੇ ਮਾਲਕ ਦੀ ਦਿੱਤੀ ਰੋਸ਼ਨੀ ਵਿੱਚ ਦੁਨੀਆ ਨੂੰ ਦੇਖਣ ਦੀ ਕੋਸ਼ਿਸ਼ ਕਰ ਰਿਹਾ ਹੈ। ਮੇਰੇ ਹਿਰਦੇ ਵਿੱਚ ਇੱਕ ਅਜੀਬ ਜਿਹੀ ਪੀੜ ਹੈ ਉਹ ਪੀੜ ਜੋ ਆਪਣੇ ਵਿਰਸੇ ਦੀ ਸ਼ਾਨ ਅਤੇ ਅਜੋਕੇ ਹਾਲਾਤਾਂ ਦੀ ਕੰਗਾਲੀ ਨੂੰ ਦੇਖ ਕੇ ਪੈਦਾ ਹੁੰਦੀ ਹੈ। ਇਹ ਲੇਖ ਲਿਖਣਾ ਮੇਰੀ ਕੋਈ ਮਜਬੂਰੀ ਨਹੀਂ ਸਗੋਂ ਮੇਰੀ ਜ਼ਮੀਰ ਦੀ ਉਹ ਆਵਾਜ਼ ਹੈ ਜਿਸ ਨੂੰ ਮੈਂ ਹੋਰ ਦਬਾ ਨਹੀਂ ਸਕਿਆ। ਅਸੀਂ ਜਿਸ ਗੌਰਵਮਈ ਵਿਰਸੇ ਦੇ ਵਾਰਿਸ ਹਾਂ ਉਸ ਦਾ ਮਿਆਰ ਅਰਸ਼ਾਂ @ਤੇ ਸੀ ਪਰ ਅੱਜ ਸਾਡੀ ਮਾਨਸਿਕਤਾ ਅਤੇ ਕਿਰਦਾਰ ਫਰਸ਼ਾਂ @ਤੇ ਰੁਲ ਰਿਹਾ ਹੈ। ਇਹ ਇੱਕ ਨਿਮਾਣੀ ਜਿਹੀ ਪੁਕਾਰ ਹੈ ਉਹਨਾਂ @ਧਰਮ ਦੇ ਥੇਕੇਦਾਰਾਂ@ ਲਈ ਜਿਨ੍ਹਾਂ ਨੇ ਗੁਰੂ ਘਰਾਂ ਨੂੰ ਆਪਣੀਆਂ ਨਿੱਜੀ ਜਾਇਦਾਦਾਂ ਸਮਝ ਲਿਆ ਹੈ ਅਤੇ ਉਹਨਾਂ ਸਾਰੇ ਵੀਰਾਂ ਲਈ ਜੋ ਸਿੱਖੀ ਦਾ ਬਾਣਾ ਪਾ ਕੇ ਵੀ ਗੁਰੂ ਦੇ ਸਿਧਾਂਤਾਂ ਤੋਂ ਕੋਹਾਂ ਦੂਰ ਹਨ।

ਖਾਲਸੇ ਦੀ ਨੀਂਹ; ਲਹੂ, ਕਸ਼ਟ ਅਤੇ ਬੇਮਿਸਾਲ ਕੁਰਬਾਨੀਆਂ ਦਾ ਸਮੁੰਦਰ : ਖਾਲਸਾ ਪੰਥ ਦੀ ਸਿਰਜਣਾ ਕੋਈ ਇੱਕ ਦਿਨ ਦਾ ਚਮਤਕਾਰ ਨਹੀਂ ਸੀ ਸਗੋਂ ਇਹ 239 ਸਾਲਾਂ ਦੀ ਉਹ ਮਹਾਨ ਘਾਲਣਾ ਸੀ ਜਿਸ ਨੂੰ ਦਸ ਗੁਰੂ ਸਾਹਿਬਾਨਾਂ ਨੇ ਆਪਣੇ ਲਹੂ ਅਤੇ ਪਸੀਨੇ ਨਾਲ ਸਿੰਜਿਆ ਸੀ। ਸਾਨੂੰ ਇਹ @ਸਿੰਘ@ ਅਤੇ @ਕੌਰ@ ਦੇ ਲਕਬ ਮੁਫ਼ਤ ਵਿੱਚ ਨਹੀਂ ਮਿਲੇ। ਇਸ ਨੀਂਹ ਨੂੰ ਪੱਕਾ ਕਰਨ ਲਈ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜੂਨ ਦੀ ਤਪਦੀ ਦੁਪਹਿਰ ਵਿੱਚ ਤੱਤੀਆਂ ਲੋਹਾਂ @ਤੇ ਬੈਠ ਕੇ @ਤੇਰਾ ਕੀਆ ਮੀਠਾ ਲਾਗੈ@ ਦਾ ਅਜਿਹਾ ਪਾਠ ਪੜ੍ਹਾਇਆ ਸੀ ਕਿ ਮੌਤ ਵੀ ਸ਼ਰਮਾ ਗਈ ਸੀ। ਦੇਗਾਂ ਵਿੱਚ ਉਬਲਦੇ ਹੋਏ ਸਰੀਰਾਂ ਨੇ ਸਾਨੂੰ ਦੱਸਿਆ ਸੀ ਕਿ ਗੁਰੂ ਦਾ ਸਿੱਖ ਕਦੇ ਵੀ ਅਕਾਲ ਪੁਰਖ ਦੇ ਭਾਣੇ ਅੱਗੇ ਸ਼ਿਕਵਾ ਨਹੀਂ ਕਰਦਾ।

ਫਿਰ ਦਿੱਲੀ ਦੇ ਚਾਂਦਨੀ ਚੌਕ ਵਿੱਚ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸੀਸ ਵਾਰ ਕੇ ਇਹ ਸਾਬਤ ਕੀਤਾ ਕਿ ਜੇਕਰ ਮਨੁੱਖਤਾ ਦੀ ਆਜ਼ਾਦੀ ਲਈ ਆਪਣੀ ਜਾਨ ਦੇਣੀ ਪਵੇ ਤਾਂ ਉਹ ਸਭ ਤੋਂ ਵੱਡਾ ਧਰਮ ਹੈ। ਜਦੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਨੂੰ ਨੰਗੀ ਤਲਵਾਰ ਲਹਿਰਾਈ ਸੀ ਤਾਂ ਉਹ ਪੰਜ ਸਿਰ ਨਹੀਂ ਮੰਗ ਰਹੇ ਸਨ ਸਗੋਂ ਉਹ ਅਜਿਹੀ ਕੌਮ ਦੀ ਬੁਨਿਆਦ ਰੱਖ ਰਹੇ ਸਨ ਜੋ ਮੌਤ ਦੇ ਡਰ ਤੋਂ ਮੁਕਤ ਹੋਵੇ। ਭਾਈ ਮਨੀ ਸਿੰਘ ਜੀ ਦਾ ਬੰਦ-ਬੰਦ ਕੱਟਿਆ ਜਾਣਾ, ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਾਰੀ ਜਾਣੀ, ਭਾਈ ਸੁਬੇਗ ਸਿੰਘ-ਸ਼ਾਹਬਾਜ਼ ਸਿੰਘ ਦਾ ਚਰਖੜੀਆਂ @ਤੇ ਚੜ੍ਹਨਾ ਇਹ ਕੋਈ ਕਹਾਣੀਆਂ ਨਹੀਂ ਹਨ ਇਹ ਸਾਡਾ ਉਹ ਇਤਿਹਾਸ ਹੈ ਜਿਸ ਨੇ ਸਾਨੂੰ @ਸਰਦਾਰ@ ਬਣਾਇਆ ਸੀ। ਛੋਟੇ ਸਾਹਿਬਜ਼ਾਦਿਆਂ ਦਾ ਨੀਹਾਂ ਵਿੱਚ ਚਿਣੇ ਜਾਣਾ ਸਾਡੀ ਉਹ ਅਣਖ ਹੈ ਜਿਸ ਦੀ ਮਿਸਾਲ ਦੁਨੀਆ ਦੇ ਕਿਸੇ ਹੋਰ ਇਤਿਹਾਸ ਵਿੱਚ ਨਹੀਂ ਮਿਲਦੀ। ਪਰ ਅੱਜ ਅਸੀਂ ਉਸ ਵਿਰਾਸਤ ਦੇ ਮੁੱਲ ਨੂੰ ਸਮਝਣ ਦੀ ਬਜਾਏ ਉਸ ਨੂੰ ਕੌਡੀਆਂ ਦੇ ਭਾਅ ਵੇਚ ਰਹੇ ਹਾਂ।

**ਅਜੋਕੀ ਗਿਰਾਵਟ; ਕੁਰਸੀਆਂ ਦੀ ਜੰਗ ਅਤੇ ਗੁਰੂ ਨਾਲ ਲਗਾਤਾਰ ਦ.ਗਾ** : ਅੱਜ ਜਦੋਂ ਅਸੀਂ ਆਪਣੇ ਗੁਰਦੁਆਰਿਆਂ, ਸੰਸਥਾਵਾਂ ਅਤੇ ਰਾਜਨੀਤਿਕ ਢਾਂਚੇ ਵੱਲ ਦੇਖਦੇ ਹਾਂ ਤਾਂ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਕੀ ਅਸੀਂ ਸੱਚਮੁੱਚ ਉਹਨਾਂ ਸ਼ਹੀਦਾਂ ਦੇ ਵਾਰਿਸ ਹਾਂ ? ਅੱਜ ਸਾਡੀ ਕੌਮ ਦੇ ਅਹੁਦੇਦਾਰ ਆਪਣੀਆਂ ਕੁਰਸੀਆਂ ਬਚਾਉਣ ਲਈ ਗੁਰੂ ਦੇ ਅਸੂਲਾਂ ਦਾ ਦਿਨ-ਦਿਹਾੜੇ ਘਾਣ ਕਰ ਰਹੇ ਹਨ। ਜਿਨ੍ਹਾਂ ਨੇ ਕੌਮ ਨੂੰ ਸਹੀ ਮਾਰਗ ਦਿਖਾਉਣਾ ਸੀ ਉਹ ਆਪ ਹੀ ਸੱਤਾ ਅਤੇ ਪੈਸੇ ਦੇ ਅੰਨ੍ਹੇ ਲਾਲਚ ਵਿੱਚ ਗਰਕ ਚੁੱਕੇ ਹਨ। ਧਰਮ ਦੇ ਨਾਂ @ਤੇ ਬਣੀਆਂ ਕਮੇਟੀਆਂ ਅੱਜ ਨਿੱਜੀ ਮੁਫ਼ਾਦਾਂ ਅਤੇ ਪਰਿਵਾਰਵਾਦ ਦਾ ਅੱਡਾ ਬਣ ਗਈਆਂ ਹਨ।

ਗੁਰੂ ਘਰ ਦੀ @ਗੋਲਕ@ ਜੋ ਗਰੀਬ ਦਾ ਮੂੰਹ ਹੋਣੀ ਚਾਹੀਦੀ ਸੀ ਅੱਜ ਰਾਜਨੀਤਿਕ ਰੈਲੀਆਂ ਅਤੇ ਨਿੱਜੀ ਐਸ਼ੋ-ਆਰਾਮ ਲਈ ਵਰਤੀ ਜਾ ਰਹੀ ਹੈ। ਸਾਡੇ ਆਗੂਆਂ ਦੇ ਹਿਰਦਿਆਂ ਵਿੱਚੋਂ ਗੁਰੂ ਦਾ ਭੈਅ ਨਿਕਲ ਚੁੱਕਾ ਹੈ ਅਤੇ ਉਸ ਦੀ ਜਗ੍ਹਾ @ਕੁਰਸੀ@ ਦੇ ਭੈਅ ਨੇ ਲੈ ਲਈ ਹੈ। ਉਹ ਗੁਰੂ ਨਾਲ ਦਗ਼ਾ ਕਮਾਉਣ ਵੇਲੇ ਇੱਕ ਪਲ ਲਈ ਵੀ ਨਹੀਂ ਸੋਚਦੇ ਕਿ ਉਹ ਕਿਸ ਦੇ ਦਰ @ਤੇ ਗੱਦਾਰੀ ਕਰ ਰਹੇ ਹਨ। ਇਹ ਉਹ @ਧਰਮ ਦੇ ਥੇਕੇਦਾਰ@ ਹਨ ਜੋ ਸਟੇਜਾਂ @ਤੇ ਤਾਂ ਸਿੱਖੀ ਦੇ ਗੁਣਗਾਨ ਕਰਦੇ ਹਨ ਪਰ ਪਿੱਛੇ ਉਹਨਾਂ ਦੇ ਕਿਰਦਾਰ ਸਿੱਖੀ ਦੀਆਂ ਜੜ੍ਹਾਂ ਵੱਢਣ ਵਾਲੇ ਹੁੰਦੇ ਹਨ। ਅੱਜ ਅਹੁਦੇਦਾਰੀ ਦੀ ਯੋਗਤਾ @ਗੁਰਮਤਿ ਦਾ ਗਿਆਨ@ ਨਹੀਂ, ਸਗੋਂ @ਰਾਜਨੀਤਿਕ ਚਲਾਕੀ@ ਬਣ ਗਈ ਹੈ।

**ਸਰਕਾਰੀ ਚਾਪਲੂਸੀ ਅਤੇ ਨਿਘਰਦੀ ਮਾਨਸਿਕਤਾ ਦਾ ਆਲਮ** : ਸਿੱਖ ਇਤਿਹਾਸ ਸਾਨੂੰ ਦੱਸਦਾ ਹੈ ਕਿ ਇੱਕ ਅਸਲੀ ਖਾਲਸਾ ਉਹ ਹੈ ਜੋ @ਬਾਗ਼ੀ@ ਹੁੰਦਾ ਹੈ ਜ਼ੁਲਮ ਦੇ ਖਿਲਾਫ਼ ਬਾਗ਼ੀ, ਕੂੜ ਦੇ ਖਿਲਾਫ਼ ਬਾਗ਼ੀ। ਪਰ ਅੱਜ ਸਾਡੇ ਕਈ ਵੱਡੇ ਆਗੂ ਅਤੇ ਅਖੌਤੀ ਪੰਥਕ ਰਹਿਨੁਮਾ ਸਰਕਾਰਾਂ ਦੀਆਂ ਬਰੂਹਾਂ @ਤੇ ਨੱਕ ਰਗੜਦੇ ਨਜ਼ਰ ਆਉਂਦੇ ਹਨ। ਨਿੱਜੀ ਫਾਇਦਿਆਂ, ਪਲਾਟਾਂ, ਲਾਇਸੈਂਸਾਂ ਜਾਂ ਸਿਰਫ਼ ਇੱਕ @ਵੀ.ਆਈ.ਪੀ.@ ਰੁਤਬੇ ਲਈ ਉਹ ਗੁਰੂ ਦੀ ਮਰਯਾਦਾ ਨੂੰ ਸਰਕਾਰੀ ਦਫ਼ਤਰਾਂ ਦੀਆਂ ਮੇਜ਼ਾਂ @ਤੇ ਵੇਚ ਆਉਂਦੇ ਹਨ।

ਚਾਪਲੂਸੀ ਸਾਡੀ ਮਾਨਸਿਕਤਾ ਵਿੱਚ ਇਸ ਹੱਦ ਤੱਕ ਰਚ ਗਈ ਹੈ ਕਿ ਅਸੀਂ ਆਪਣੇ ਹੱਕਾਂ ਲਈ ਆਵਾਜ਼ ਉਠਾਉਣ ਦੀ ਬਜਾਏ ਹਕੂਮਤਾਂ ਦੀਆਂ ਜੁੱਤੀਆਂ ਸਾਫ਼ ਕਰਨ ਨੂੰ ਆਪਣੀ ਕਾਮਯਾਬੀ ਸਮਝਣ ਲੱਗ ਪਏ ਹਾਂ। ਜਿਸ ਖਾਲਸੇ ਨੇ ਮੁਗ਼ਲਾਂ ਅਤੇ ਅੰਗਰੇਜ਼ਾਂ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ @ਰਾਜ ਕਰੇਗਾ ਖਾਲਸਾ@ ਦਾ ਨਾਅਰਾ ਮਾਰਿਆ ਸੀ ਉਹ ਅੱਜ ਸਰਕਾਰੀ ਏਜੰਸੀਆਂ ਦੇ ਇਸ਼ਾਰਿਆਂ @ਤੇ ਨੱਚ ਰਿਹਾ ਹੈ। ਇਹ ਸਾਡੇ ਕਿਰਦਾਰ ਦੀ ਉਹ ਨਿਘਰਦੀ ਹਾਲਤ ਹੈ ਜਿਸ ਬਾਰੇ ਸੋਚ ਕੇ ਇਤਿਹਾਸ ਦੇ ਸ਼ਹੀਦਾਂ ਦੀਆਂ ਰੂਹਾਂ ਵੀ ਤੜਫਦੀਆਂ ਹੋਣਗੀਆਂ। ਅਸੀਂ ਭੁੱਲ ਗਏ ਹਾਂ ਕਿ ਸਿੱਖੀ @ਸਰਦਾਰੀ@ ਦਾ ਨਾਂ ਹੈ, @ਗੁਲਾਮੀ@ ਜਾਂ @ਚਾਪਲੂਸੀ@ ਦਾ ਨਹੀਂ।

ਕੌਮ ਦੀ ਅੰਦਰੂਨੀ ਫੁੱਟ; ਦੁਸ਼ਮਣ ਦੀ ਸਭ ਤੋਂ ਵੱਡੀ ਜਿੱਤ : ਅੱਜ ਸਿੱਖ ਕੌਮ ਜਿਸ ਫੁੱਟ ਦੇ ਹਨ੍ਹੇਰੇ ਵਿੱਚ ਗੁਆਚੀ ਹੋਈ ਹੈ ਉਹ ਸਾਡੀ ਸਭ ਤੋਂ ਵੱਡੀ ਨਾਕਾਮੀ ਹੈ। ਅਸੀਂ ਡੇਰਿਆਂ, ਟਕਸਾਲਾਂ, ਜਥੇਬੰਦੀਆਂ, ਜਾਤਾਂ ਅਤੇ ਗੋਤਾਂ ਵਿੱਚ ਵੰਡੇ ਜਾ ਚੁੱਕੇ ਹਾਂ। ਇੱਕ ਸਿੰਘ ਦੂਜੇ ਸਿੰਘ ਨੂੰ ਨੀਵਾਂ ਦਿਖਾਉਣ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ। ਅਸੀਂ @ਸ਼ਬਦ ਗੁਰੂ@ ਨੂੰ ਤਾਂ ਮੰਨਦੇ ਹਾਂ ਪਰ ਗੁਰੂ ਦੇ ਸ਼ਬਦ ਨੂੰ ਕਮਾਉਣਾ ਭੁੱਲ ਗਏ ਹਾਂ। ਸਾਡੀ ਇਸੇ ਫੁੱਟ ਦਾ ਫਾਇਦਾ ਬਾਹਰੀ ਤਾਕਤਾਂ ਬਹੁਤ ਚਲਾਕੀ ਨਾਲ ਉਠਾ ਰਹੀਆਂ ਹਨ। ਉਹ ਸਾਨੂੰ ਆਪਸ ਵਿੱਚ ਲੜਾ ਕੇ ਤਮਾਸ਼ਾ ਦੇਖਦੀਆਂ ਹਨ ਅਤੇ ਅਸੀਂ ਆਪਣੀ ਸਾਰੀ ਸ਼ਕਤੀ ਗੁਰੂ ਦੇ ਮਾਰਗ @ਤੇ ਚੱਲਣ ਦੀ ਬਜਾਏ ਇੱਕ-ਦੂਜੇ ਦੇ ਖਿਲਾਫ਼ ਵਰਤ ਰਹੇ ਹਾਂ। ਜਦੋਂ ਤੱਕ ਸਾਡੇ ਅੰਦਰ @ਹਉਮੈ@ ਅਤੇ @ਮੇਰ-ਤੇਰ@ ਰਹੇਗੀ ਅਸੀਂ ਕਦੇ ਵੀ ਇਕੱਠੇ ਨਹੀਂ ਹੋ ਸਕਦੇ। ਅਸੀਂ ਇਹ ਭੁੱਲ ਗਏ ਹਾਂ ਕਿ ਦੁਸ਼ਮਣ ਸਾਨੂੰ ਮਾਰਨ ਦੀ ਲੋੜ ਨਹੀਂ ਸਮਝਦਾ ਉਹ ਸਾਨੂੰ ਆਪਸ ਵਿੱਚ ਲੜਾ ਕੇ ਹੀ ਖਤਮ ਕਰ ਰਿਹਾ ਹੈ। ਜਿੰਨੀ ਦੇਰ ਅਸੀਂ ਇੱਕ ਨਿਸ਼ਾਨ ਸਾਹਿਬ ਹੇਠ ਇਕੱਠੇ ਨਹੀਂ ਹੁੰਦੇ, ਸਾਡੀ ਆਵਾਜ਼ ਦੁਨੀਆ ਵਿੱਚ ਕਿਤੇ ਵੀ ਨਹੀਂ ਸੁਣੀ ਜਾਵੇਗੀ।

ਸੱਚੇ ਭਰੋਸੇ ਦੀ ਲੋੜ; ਗੁਰੂ ਵੱਲ ਵਾਪਸੀ ਦਾ ਪਵਿੱਤਰ ਹੋਕਾ : ਮੇਰਾ ਇਹ @ਹਾਅ ਦਾ ਨਾਅਰਾ@ ਕੋਈ ਨਫ਼ਰਤ ਫੈਲਾਉਣ ਵਾਲਾ ਭਾਸ਼ਣ ਨਹੀਂ ਹੈ ਸਗੋਂ ਇਹ ਆਪਣੇ ਘਰ ਨੂੰ ਸੰਭਾਲਣ ਦੀ ਇੱਕ ਬੇਨਤੀ ਹੈ। ਸਾਨੂੰ ਕਿਸੇ ਰਾਜਨੀਤਿਕ ਪਾਰਟੀ ਜਾਂ ਕਿਸੇ @ਮਸੀਹੇ@ ਦੀ ਉਡੀਕ ਕਰਨ ਦੀ ਲੋੜ ਨਹੀਂ ਹੈ। ਸਾਨੂੰ ਆਪਣੇ ਅੰਦਰ ਦੇ ਸਿੱਖ ਨੂੰ ਜਗਾਉਣਾ ਪਵੇਗਾ। ਸਾਨੂੰ ਇਹ ਸਮਝਣਾ ਪਵੇਗਾ ਕਿ ਗੁਰੂ ਘਰਾਂ ਦਾ ਪ੍ਰਬੰਧ ਰਾਜਨੀਤਿਕ ਬੰਦਿਆਂ ਦੀ ਬਜਾਏ ਉਹਨਾਂ ਗੁਰਸਿੱਖਾਂ ਦੇ ਹੱਥ ਵਿੱਚ ਹੋਣਾ ਚਾਹੀਦਾ ਹੈ ਜਿਨ੍ਹਾਂ ਦੇ ਹਿਰਦੇ ਵਿੱਚ ਗੁਰੂ ਦਾ ਭੈਅ ਅਤੇ ਭਰੋਸਾ ਹੋਵੇ।

ਸਾਨੂੰ ਸਰਕਾਰਾਂ ਦੀਆਂ ਬਰੂਹਾਂ ਛੱਡ ਕੇ ਮੁੜ ਤੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿੱਚ ਬੈਠਣਾ ਪਵੇਗਾ। ਸਾਨੂੰ ਅਜਿਹੇ ਨੌਜਵਾਨਾਂ ਅਤੇ ਬਜ਼ੁਰਗਾਂ ਦੀ ਲੋੜ ਹੈ ਜੋ ਆਪਣੀ ਜ਼ਮੀਰ ਨੂੰ ਕੁਰਸੀਆਂ ਜਾਂ ਪੈਸਿਆਂ ਲਈ ਨਾ ਵੇਚਣ। ਸਾਨੂੰ @ਭਰੋਸੇ@ ਵਾਲੇ ਉਹਨਾਂ ਸੱਚੇ ਇਨਸਾਨਾਂ ਦੀ ਲੋੜ ਹੈ ਜੋ ਗੁਰੂ ਦੀ ਗੱਲ ਨੂੰ ਹਕੂਮਤ ਦੀ ਗੱਲ ਤੋਂ ਉੱਪਰ ਰੱਖ ਸਕਣ। ਜਦੋਂ ਤੱਕ ਅਸੀਂ ਆਪਣੇ ਨਿੱਜੀ ਸਵਾਰਥਾਂ ਨੂੰ ਗੁਰੂ ਦੇ ਸਿਧਾਂਤਾਂ @ਤੇ ਕੁਰਬਾਨ ਨਹੀਂ ਕਰਦੇ, ਅਸੀਂ ਨਿਘਾਰ ਵੱਲ ਹੀ ਜਾਵਾਂਗੇ।

**ਜਾਗਣ ਦਾ ਅੰਤਿਮ ਵੇਲਾ ਅਤੇ ਇੱਕ ਨਿਮਾਣੀ ਪੁਕਾਰ** : ਅਖੀਰ ਵਿੱਚ ਮੈਂ ਇਹੀ ਕਹਾਂਗਾ ਕਿ ਇਹ ਲੇਖ ਇੱਕ ਸਿੱਖ ਬੱਚੇ ਦੀ ਉਹ ਚੀਕ ਹੈ ਜੋ ਆਪਣੇ ਉੱਜੜ ਰਹੇ ਬਾਗ਼ ਨੂੰ ਦੇਖ ਕੇ ਨਿਕਲੀ ਹੈ। ਜੇਕਰ ਅਸੀਂ ਅੱਜ ਵੀ ਨਾ ਜਾਗੇ, ਜੇਕਰ ਅਸੀਂ ਅੱਜ ਵੀ ਉਹਨਾਂ @ਧਰਮ ਦੇ ਥੇਕੇਦਾਰਾਂ@ ਦੀਆਂ ਚਾਲਾਂ ਅਤੇ ਸਰਕਾਰੀ ਚਾਪਲੂਸੀ ਦੇ ਜਾਲ ਨੂੰ ਨਾ ਸਮਝਿਆ ਤਾਂ ਇਤਿਹਾਸ ਸਾਨੂੰ ਕਦੇ ਮੁਆਫ਼ ਨਹੀਂ ਕਰੇਗਾ। ਆਓ, ਇਸ ਖਾਲਸਾ ਸਾਜਨਾ ਦਿਵਸ @ਤੇ ਅਸੀਂ ਸਿਰਫ਼ ਦਿਖਾਵੇ ਦੀਆਂ ਵਧਾਈਆਂ ਨਾ ਦੇਈਏ, ਸਗੋਂ ਆਪਣੇ ਅੰਦਰ ਝਾਤ ਮਾਰੀਏ।

ਗੁਰੂ ਤੋਂ ਡਰੀਏ, ਮਨੁੱਖਤਾ ਨਾਲ ਪਿਆਰ ਕਰੀਏ ਅਤੇ ਚਾਪਲੂਸੀ ਦੀ ਗੁਲਾਮੀ ਨੂੰ ਲੱਤ ਮਾਰ ਕੇ ਮੁੜ ਤੋਂ ਉਸੇ ਅਣਖੀ ਖਾਲਸਾ ਮਿਆਰ ਨੂੰ ਸਥਾਪਿਤ ਕਰੀਏ ਜਿਸ ਦੀ ਖ਼ਾਤਰ ਦਸਵੇਂ ਪਾਤਸ਼ਾਹ ਨੇ ਆਪਣਾ @ਸਰਬੰਸ@ ਵਾਰ ਦਿੱਤਾ ਸੀ। ਸਾਨੂੰ ਕਿਸੇ ਹੋਰ ਮਾਰਗਦਰਸ਼ਨ ਦੀ ਲੋੜ ਨਹੀਂ, ਸਾਡੇ ਕੋਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਿਉਂਦੀ-ਜਾਗਦੀ ਜੋਤ ਹੈ। ਆਓ, ਉਹਨਾਂ ਦੇ ਲੜ ਲੱਗੀਏ ਅਤੇ ਇੱਕ ਸੱਚੇ, ਸੁੱਚੇ ਅਤੇ ਨਿਰਭਉ ਇਨਸਾਨ ਵਾਂਗ ਕੌਮ ਦੀ ਸੇਵਾ ਕਰੀਏ।

÷ਖਾਲਸਾ ਮੇਰੋ ਰੂਪ ਹੈ ਖਾਸ ॥ ਖਾਲਸੇ ਮਹਿ ਹੌ ਕਰੌ ਨਿਵਾਸ ॥÷

ਗੁਰੂ ਸਾਹਿਬ ਨੇ ਕਿਹਾ ਸੀ ਕਿ ਉਹ ਖਾਲਸੇ ਵਿੱਚ ਨਿਵਾਸ ਕਰਦੇ ਹਨ। ਪਰ ਸਵਾਲ ਇਹ ਹੈ ਕਿ ਕੀ ਸਾਡੇ ਕਿਰਦਾਰ ਇੰਨੇ ਸੁੱਚੇ ਹਨ ਕਿ ਗੁਰੂ ਸਾਹਿਬ ਸਾਡੇ ਅੰਦਰ ਨਿਵਾਸ ਕਰ ਸਕਣ ? ਇਸ ਸਵਾਲ ਦਾ ਜਵਾਬ ਸਾਨੂੰ ਅੱਜ ਆਪਣੇ ਅੰਦਰੋਂ ਲੱਭਣਾ ਹੀ ਪਵੇਗਾ। ਇਹੋ ਸੱਚਾ @ਹਾਅ ਦਾ ਨਾਅਰਾ@ ਹੈ।




### ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਅਤੇ ਬੇਅਦਬੀ ਵਿਰੋਧੀ ਕਾਨੂੰਨ 2026

# ਧਾਰਮਿਕ ਬੇਅਦਬੀ ਲਈ ਇੱਕ ਸੱਚੀ ਪਹਿਲ ਜਾਂ ਰਾਜਨੀਤਿਕ ਏਜੰਡਾ ?



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਕੱਲ੍ਹ, 13 ਅਪ੍ਰੈਲ 2026 ਨੂੰ ਵਿਸਾਖੀ ਖਾਲਸਾ ਸਾਜਨਾ ਦਿਵਸ ਦੇ ਪਵਿੱਤਰ ਦਿਹਾੜੇ ਤੇ ਪੰਜਾਬ ਵਿਧਾਨ ਸਭਾ ਦਾ ਇੱਕ ਵਿਸ਼ੇਸ਼ ਇਜਲਾਸ ਬੁਲਾਇਆ ਗਿਆ । ਇਸ ਇਜਲਾਸ ਦਾ ਮੁੱਖ ਉਦੇਸ਼ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿਲ, 2026 ਨੂੰ ਪਾਸ ਕਰਨਾ , ਜੋ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ (ਬੀਅਦਬੀ) ਵਾਲੀਆਂ ਘਟਨਾਵਾਂ ਨੂੰ ਰੋਕਣ ਲਈ ਸਖਤ ਕਾਨੂੰਨੀ ਪ੍ਰਬੰਧ ਲਿਆਉਂਦਾ ਹੈ। ਇਸ ਬਿਲ ਵਿਚ ਬੇਅਦਬੀ ਲਈ ਘੱਟੋ-ਘੱਟ 10 ਸਾਲ ਤੋਂ ਲੈ ਕੇ ਉਮਰ ਕੈਦ ਤੱਕ ਦੀ ਸਜ਼ਾ ਅਤੇ 5 ਲੱਖ ਤੋਂ 25 ਲੱਖ ਰੁਪਏ ਤੱਕ ਜੁਰਮਾਨਾ ਰੱਖਿਆ ਗਿਆ ਹੈ। ਇਸ ਤੋਂ ਇਲਾਵਾ, ਮਾਨਸਿਕ ਬੀਮਾਰੀ ਨੂੰ ਬਚਾਅ ਵਜੋਂ ਵਰਤਣ ਤੋਂ ਰੋਕਿਆ ਗਿਆ ਹੈ ਅਤੇ ਛੜਯੰਤਰ ਰਾਹੀਂ ਬੇਅਦਬੀ ਕਰਵਾਉਣ ਵਾਲਿਆਂ ਲਈ ਵੀ ਸਖਤ ਪ੍ਰਬੰਧ ਹਨ। ਇਸ ਵਿਸ਼ੇਸ਼ ਇਜਲਾਸ ਦਾ ਐਲਾਨ ਪਿਛਲੇ ਮਹੀਨਿਆਂ ਵਿਚ ਹੀ ਹੋ ਚੁੱਕਾ ਸੀ ਅਤੇ ਇਸ ਨੂੰ ਵਿਸਾਖੀ ਨਾਲ ਜੋੜ ਕੇ ਖਾਸ ਮਹੱਤਵ ਦਿੱਤਾ ਗਿਆ ਹੈ। ਮੁੱਖ ਮੰਤਰੀ ਨੇ ਇਸ ਨੂੰ ਧਾਰਮਿਕ ਭਾਵਨਾਵਾਂ ਦੀ ਰਾਖੀ ਅਤੇ ਸਮਾਜਿਕ ਸਦਭਾਵਨਾ ਬਣਾਈ ਰੱਖਣ ਵਾਲਾ ਕਦਮ ਦੱਸਿਆ ਹੈ। ਉਨ੍ਹਾਂ ਅਨੁਸਾਰ, ਪਿਛਲੀਆਂ ਘਟਨਾਵਾਂ ਨੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ ਅਤੇ ਭਾਰਤੀ ਨਿਆਇ ਸੰਹਿਤਾ (ਬੀਐਨਐਸ) ਦੀਆਂ ਧਾਰਾਵਾਂ 298, 299 ਅਤੇ 300 ਇਸ ਲਈ ਕਾਫੀ ਸਖ਼ਤ ਨਹੀਂ ਹਨ। ਇਸ ਲਈ ਸਖ਼ਤ ਸਜ਼ਾ ਲਿਆਉਣੀ ਜ਼ਰੂਰੀ ਹੈ ਤਾਂ ਜੋ ਬੇਅਦਬੀ ਵਰਗੀਆਂ ਘਟਨਾਵਾਂ ਘੱਟ ਹੋਣ ਅਤੇ ਪੰਜਾਬ ਵਿਚ ਸ਼ਾਂਤੀ ਬਣੀ ਰਹੇ। ਅੱਜ ਵਿਰੋਧੀ ਧਿਰਾਂ, ਖਾਸ ਕਰਕੇ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ, ਨੇ ਇਸ ਇਜਲਾਸ ਅਤੇ ਬਿਲ ਤੇ ਸਵਾਲ ਉਠਾਏ ਹਨ। ਉਨ੍ਹਾਂ ਦਾ ਦੋਸ਼ ਹੈ ਕਿ ਆਮ ਆਦਮੀ ਪਾਰਟੀ (ਆਪ) ਸਰਕਾਰ ਚਾਰ ਸਾਲ ਤੋਂ ਉਪਰ ਸੱਤਾ ਵਿਚ ਹੋਣ ਦੇ ਬਾਵਜੂਦ ਪੁਰਾਣੀਆਂ ਬੇਅਦਬੀ ਘਟਨਾਵਾਂ (ਜਿਵੇਂ 2015 ਵਾਲੀਆਂ) ਵਿਚ ਦੋਸ਼ੀਆਂ ਨੂੰ ਸਜ਼ਾ ਨਹੀਂ ਦਿਵਾ ਸਕੀ। ਇਸ ਲਈ ਇਹ ਵਿਸ਼ੇਸ਼ ਇਜਲਾਸ ਇੱਕ ਰਾਜਨੀਤਿਕ ਡਾਇਵਰਸ਼ਨ ਹੈ, ਜਿਸ ਨਾਲ ਲੋਕਾਂ ਦਾ ਧਿਆਨ ਆਪਣੀਆਂ ਅਸਫਲਤਾਵਾਂ ਤੋਂ ਹਟਾਇਆ ਜਾ ਰਿਹਾ ਹੈ। ਵਿਰੋਧੀ ਆਗੂਆਂ ਨੇ ਬਿਲ ਵਿਚ ਦਰਜਨਾਂ ਗਲਤੀਆਂ ਵੀ ਇਸ਼ਾਰਾ ਕੀਤੀਆਂ ਹਨ ਅਤੇ ਪੁੱਛਿਆ ਹੈ ਕਿ ਪਿਛਲੇ ਸਾਲਾਂ ਵਿਚ ਵੀ ਵਿਸ਼ੇਸ਼ ਇਜਲਾਸ ਬੁਲਾਏ ਗਏ ਸਨ, ਤਾਂ ਫਿਰ ਇਸ ਵਾਰ ਵਿਸਾਖੀ ਤੇ ਖਾਸ ਤੌਰ ਤੇ ਇਸ ਦੀ ਕੀ ਲੋੜ ਸੀ ?

ਅੱਜ ਇਸ ਵਿਸ਼ੇਸ਼ ਇਜਲਾਸ, ਬਿਲ ਦੀਆਂ ਵਿਸ਼ੇਸ਼ਤਾਵਾਂ, ਵਿਧਾਨ ਸਭਾ ਵਿਚ ਹੋਈ ਬਹਿਸ, ਰਾਜਨੀਤਿਕ ਏਜੰਡੇ ਅਤੇ ਧਾਰਮਿਕ ਬੇਅਦਬੀ ਲਈ ਇਸ ਨੂੰ ਇੱਕ ਸੱਚੀ ਪਹਿਲ ਵਜੋਂ ਵੇਖਣ ਬਾਰੇ ਵਿਸਥਾਰ ਨਾਲ ਚਰਚਾ ਕਰਦਿਆਂ ਇਸ ਤੋਂ ਇਲਾਵਾ, ਆਉਣ ਵਾਲੇ ਦਿਨਾਂ ਵਿਚ ਇਸ ਦੇ ਸੰਭਾਵਿਤ ਪ੍ਰਭਾਵ ਅਤੇ ਭਵਿੱਖੀ ਰਾਜਨੀਤਿਕ ਅਜੰਡੇ ਤੇ ਵੀ ਚਾਨਣਾ ਪਾਉਣ ਦੀ ਕੋਸ਼ਿਸ਼ ਕਰਾਂਗੇ। ਇਹ ਵਿਸ਼ਲੇਸ਼ਣ ਤੱਥਾਂ, ਵੱਖ-ਵੱਖ ਪਾਰਟੀਆਂ ਦੀਆਂ ਥੀਸਿਸ ਅਤੇ ਪੰਜਾਬੀ ਸਮਾਜ ਦੀਆਂ ਭਾਵਨਾਵਾਂ ਨੂੰ ਧਿਆਨ ਵਿਚ ਰੱਖ ਕੇ ਕੀਤਾ ਗਿਆ ਹੈ। ਅੱਜ ਬੇਅਦਬੀ ਘਟਨਾਵਾਂ ਦਾ ਇਤਿਹਾਸ ਅਤੇ ਪੰਜਾਬ ਵਿਚ ਇਸ ਦਾ ਰਾਜਨੀਤਿਕ ਮਹੱਤਵਪੰਜਾਬ ਵਿਚ ਬੇਅਦਬੀ ਵਾਲੀਆਂ ਘਟਨਾਵਾਂ ਨਵੀਆਂ ਨਹੀਂ ਹਨ। 2015 ਵਿਚ ਫਰੀਦਕੋਟ ਅਤੇ ਬਰਗਾੜੀ ਵਿਚ ਬੇਅਦਬੀ ਦੀਆਂ ਘਟਨਾਵਾਂ ਨੇ ਪੂਰੇ ਸੂਬੇ ਨੂੰ ਹਿਲਾ ਦਿੱਤਾ ਸੀ। ਇਸ ਤੋਂ ਬਾਅਦ ਵਿਰੋਧ ਪ੍ਰਦਰਸ਼ਨ ਹੋਏ, ਪੁਲਿਸ ਫਾਇਰਿੰਗ ਵਿਚ ਲੋਕ ਮਾਰੇ ਗਏ ਅਤੇ ਇਸ ਨੇ ਰਾਜਨੀਤੀ ਨੂੰ ਵੀ ਬਦਲ ਦਿੱਤਾ। ਤਦ ਤੋਂ ਬੇਅਦਬੀ ਇੱਕ ਸੰਵੇਦਨਸ਼ੀਲ ਧਾਰਮਿਕ ਅਤੇ ਰਾਜਨੀਤਿਕ ਮੁੱਦਾ ਬਣਿਆ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ 2016 ਵਿਚ ਇੱਕ ਬਿਲ ਲਿਆਂਦਾ ਸੀ ਜਿਸ ਵਿਚ ਗੁਰੂ ਗ੍ਰੰਥ ਸਾਹਿਬ ਲਈ ਉਮਰ ਕੈਦ ਦੀ ਸਜ਼ਾ ਪ੍ਰਸਤਾਵਿਤ ਕੀਤੀ ਗਈ ਸੀ, ਪਰ ਉਸ ਤੋਂ ਬਾਅਦ ਇਸ ਨੂੰ ਸਾਰੀਆਂ ਧਰਮ ਗ੍ਰੰਥਾਂ ਲਈ ਵਿਸਥਾਰਿਤ ਕੀਤਾ ਗਿਆ। ਉਸ ਬਿਲ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਨਹੀਂ ਮਿਲੀ। ਆਪ ਸਰਕਾਰ ਆਉਣ ਤੋਂ ਬਾਅਦ ਵੀ ਇਸ ਮੁੱਦੇ ਤੇ ਚਰਚਾ ਚੱਲਦੀ ਰਹੀ ਹੈ । 2025 ਵਿਚ ਵੀ ਇੱਕ ਵਿਆਪਕ ਬਿਲ ÷ਪੰਜਾਬ ਪ੍ਰੀਵੈਨਸ਼ਨ ਆਫ ਆਫੈਂਸਿਜ ਅਗੇਂਸਟ ਹੋਲੀ ਸਕ੍ਰਿਪਚਰਜ ਬਿਲ÷ ਲਿਆਂਦਾ ਗਿਆ ਸੀ, ਜਿਸ ਨੂੰ ਸਿਲੈਕਟ ਕਮੇਟੀ ਨੂੰ ਭੇਜਿਆ ਗਿਆ ਸੀ। ਹੁਣ 2026 ਵਿਚ ਇਸ ਨੂੰ ਖਾਸ ਤੌਰ ਤੇ ਗੁਰੂ ਗ੍ਰੰਥ ਸਾਹਿਬ ਲਈ ਫੋਕਸ ਕਰਕੇ ਸੋਧਿਆ ਗਿਆ ਹੈ। ਪਿਛਲੀਆਂ ਘਟਨਾਵਾਂ ਵਿਚ ਸੈਂਕੜੇ ਮਾਮਲੇ ਦਰਜ ਹੋਏ ਹਨ ਅਤੇ ਲੋਕਾਂ ਵਿਚ ਇੱਕ ਭਾਵਨਾ ਹੈ ਕਿ ਬੇਅਦਬੀ ਨੂੰ ਰੋਕਣ ਲਈ ਸਖਤ ਕਾਨੂੰਨੀ ਢਾਂਚਾ ਲੋੜੀਂਦਾ ਹੈ ਪਰ ਇਸ ਇਤਿਹਾਸ ਵਿਚ ਰਾਜਨੀਤੀ ਵੀ ਗੂੰਝਦੀ ਹੈ। ਹਰ ਸਰਕਾਰ ਨੇ ਇਸ ਮੁੱਦੇ ਨੂੰ ਆਪਣੇ ਫਾਇਦੇ ਲਈ ਵਰਤਣ ਦੀ ਕੋਸ਼ਿਸ਼ ਕੀਤੀ ਹੈ। ਕੁੱਝ ਨੇ ਇਸ ਨੂੰ ਸਿੱਖ ਵੋਟ ਬੈਂਕ ਲਈ ਵਰਤਿਆ, ਕਾਂਗਰਸ ਨੇ ਵੀ ਆਪਣੀ ਰਾਜਨੀਤੀ ਵਿਚ ਇਸ ਦਾ ਇਸਤੇਮਾਲ ਕੀਤਾ ਅਤੇ ਹੁਣ ਆਪ ਵੀ ਇਸ ਰਾਹੀਂ ਆਪਣੀਆਂ ਅਸਫਲਤਾਵਾਂ ਤੋਂ ਧਿਆਨ ਹਟਾਉਣ ਦੀ ਕੋਸ਼ਿਸ਼ ਕਰ ਰਹੀ ਹੈ ਤਾਂ ਜੋ 2027 ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਧਾਰਮਿਕ ਭਾਵਨਾਵਾਂ ਨੂੰ ਛੂਹਿਆ ਜਾ ਸਕੇ।

ਅੱਜ ਬਿਲ 2026 ਦੀਆਂ ਮੁੱਖ ਵਿਸ਼ੇਸ਼ਤਾਵਾਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿਲ, 2026 ਵਿਚ ਕਈ ਮਹੱਤਵਪੂਰਨ ਪ੍ਰਬੰਧ ਹਨ।

ਅੱਜ ਸਜ਼ਾ ਦੀ ਰੇਂਜ ਵਿੱਚ ਬੇਅਦਬੀ ਲਈ ਘੱਟੋ-ਘੱਟ 10 ਸਾਲ ਤੋਂ ਲੈ ਕੇ ਉਮਰ ਕੈਦ ਤੱਕ। ਇਸ ਤੋਂ ਇਲਾਵਾ 5 ਲੱਖ ਤੋਂ 25 ਲੱਖ ਰੁਪਏ ਤੱਕ ਜੁਰਮਾਨਾ। ਛੜਯੰਤਰ ਵਾਲੇ ਮਾਮਲੇ ਜੇਕਰ ਕੋਈ ਵਿਅਕਤੀ ਮਾਨਸਿਕ ਤੌਰ ਤੇ ਅਸਥਿਰ ਵਿਅਕਤੀ ਰਾਹੀਂ ਬੇਅਦਬੀ ਕਰਵਾਉਂਦਾ ਹੈ ਤਾਂ ਉਸ ਲਈ ਵੀ ਸਖਤ ਸਜ਼ਾ ਅਤੇ ਮਾਨਸਿਕ ਬੀਮਾਰੀ ਬਚਾਅ ਨਹੀਂ ਹੈ। ਇਸ ਬਿਲ ਵਿਚ ਮਾਨਸਿਕ ਬੀਮਾਰੀ ਨੂੰ ਬਚਾਅ ਵਜੋਂ ਵਰਤਣ ਤੋਂ ਰੋਕਿਆ ਗਿਆ ਹੈ, ਤਾਂ ਜੋ ਲੋਕ ਇਸ ਦਾ ਗਲਤ ਫਾਇਦਾ ਨਾ ਉਠਾਉਣ ਅਤੇ ਜਾਂਚ ਲੈਵਲ ਡੀਐੱਸਪੀ ਲੈਵਲ ਤੋਂ ਉੱਪਰ ਦੀ ਜਾਂਚ ਲਈ ਪ੍ਰਬੰਧ ਹੈ।

ਹੁਣ ਗੁਰੂ ਗ੍ਰੰਥ ਸਾਹਿਬ ਤੇ ਫੋਕਸ ਕੀਤਾ ਹੈ। ਇਹ ਬਿਲ ਖਾਸ ਤੌਰ ਤੇ ਗੁਰੂ ਗ੍ਰੰਥ ਸਾਹਿਬ ਜੀ ਲਈ ਹੈ, ਹਾਲਾਂਕਿ ਪਿਛਲੀਆਂ ਚਰਚਾਵਾਂ ਵਿਚ ਸਾਰੀਆਂ ਧਰਮ ਗ੍ਰੰਥਾਂ (ਗੀਤਾ, ਬਾਈਬਲ, ਕੁਰਾਨ) ਨੂੰ ਵੀ ਸ਼ਾਮਲ ਕਰਨ ਦੀ ਗੱਲ ਹੋਈ ਸੀ। ਇਸ ਵਾਰ ਇਸ ਨੂੰ ਇੱਕ ਧਰਮ ਤੱਕ ਸੀਮਤ ਰੱਖਿਆ ਗਿਆ ਹੈ। ਅੱਜ ਇਹ ਵਿਸ਼ੇਸ਼ਤਾਵਾਂ ਬੇਅਦਬੀ ਨੂੰ ਰੋਕਣ ਲਈ ਇੱਕ ਮਜ਼ਬੂਤ ਡਿਟਰੈਂਟ (ਡਰਾਉਣ ਵਾਲਾ) ਬਣਾਉਂਦੀਆਂ ਹਨ। ਸਰਕਾਰ ਦਾ ਦਾਅਵਾ ਹੈ ਕਿ ਇਸ ਨਾਲ ਲੋਕਾਂ ਵਿਚ ਡਰ ਪੈਦਾ ਹੋਵੇਗਾ ਅਤੇ ਇਸ ਤਰ੍ਹਾਂ ਦੀਆਂ ਘਟਨਾਵਾਂ ਘੱਟ ਹੋਣਗੀਆਂ। ਪਰ ਵਿਰੋਧੀਆਂ ਨੇ ਇਸ ਵਿਚ ਗਲਤੀਆਂ ਦੱਸੀਆਂ ਹਨ, ਜਿਵੇਂ ਬਿਲ ਵਿਚ ਬੇਅਦਬੀ ਦੀ ਪਰਿਭਾਸ਼ਾ ਸਪੱਸ਼ਟ ਨਾ ਹੋਣਾ, ਮਿਸਯੂਜ਼ ਦਾ ਖਤਰਾ ਅਤੇ ਸਾਰੀਆਂ ਧਰਮਾਂ ਨੂੰ ਸ਼ਾਮਲ ਨਾ ਕਰਨਾ। ਲੀਡਰ ਆਫ ਆਪੋਜ਼ੀਸ਼ਨ ਨੇ ਬਿਲ ਦਾ ਸਮਰਥਨ ਕੀਤਾ ਪਰ ਪੁਰਾਣੀਆਂ ਘਟਨਾਵਾਂ ਵਿਚ ਨਿਆਂ ਦੀ ਮੰਗ ਵੀ ਕੀਤੀ ਅਤੇ 2025 ਵਾਲੇ ਬਿਲ ਦੀ ਰਿਪੋਰਟ ਟੇਬਲ ਕਰਨ ਲਈ ਕਿਹਾ।

ਪੰਜਾਬ ਵਿਧਾਨ ਸਭਾ ਵਿਚ ਬਹਿਸ ਤੋਂ ਬਾਅਦ ਬਿਲ ਨੂੰ ਯੂਨਾਨੀਮਸ (ਸਰਵਸੰਮਤੀ ਨਾਲ) ਪਾਸ ਕੀਤਾ ਗਿਆ ਹੈ, ਜੋ ਦਰਸਾਉਂਦਾ ਹੈ ਕਿ ਧਾਰਮਿਕ ਮੁੱਦਿਆਂ ਤੇ ਪਾਰਟੀਆਂ ਵਿਚਾਲੇ ਏਕਤਾ ਵੀ ਦਿਖਾਈ ਦਿੰਦੀ ਹੈ ਪਰ ਇਸ ਏਕਤਾ ਦੇ ਬਾਵਜੂਦ ਵਿਰੋਧੀਆਂ ਨੇ ਇਸ ਨੂੰ ਰਾਜਨੀਤਿਕ ਚਾਲ ਵਜੋਂ ਵੇਖਿਆ ਹੈ।

ਕੀ ਇਹ ਰਾਜਨੀਤਿਕ ਏਜੰਡਾ ਜਾਂ ਧਾਰਮਿਕ ਪਹਿਲ ਹੈ ?

ਇਸ ਸਵਾਲ ਤੇ ਚਰਚਾ ਕਰਨ ਲਈ ਦੋਵਾਂ ਪਾਸਿਆਂ ਨੂੰ ਵੇਖਣਾ ਜ਼ਰੂਰੀ ਹੈ।ਸਰਕਾਰੀ ਨਜ਼ਰੀਆ: ਆਪ ਸਰਕਾਰ ਇਸ ਨੂੰ ਇੱਕ ਧਾਰਮਿਕ ਅਤੇ ਸਮਾਜਿਕ ਜ਼ਰੂਰਤ ਵਜੋਂ ਪੇਸ਼ ਕਰ ਰਹੀ ਹੈ। ਪੰਜਾਬ ਵਿਚ ਬੇਅਦਬੀ ਨਾਲ ਜੁੜੀਆਂ ਘਟਨਾਵਾਂ ਨੇ ਹਜ਼ਾਰਾਂ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਇਸ ਲਈ ਸਖਤ ਕਾਨੂੰਨ ਇੱਕ ਨੈਤਿਕ ਜ਼ਿੰਮੇਵਾਰੀ ਹੈ। ਵਿਸਾਖੀ ਤੇ ਇਸ ਇਜਲਾਸ ਨੂੰ ਬੁਲਾਉਣਾ ਇੱਕ ਰੂਪਕੀ ਇਸ਼ਾਰਾ ਹੈ ਕਿ ਖਾਲਸਾ ਪੰਥ ਦੀ ਸਥਾਪਨਾ ਵਾਲੇ ਦਿਨ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਖੀ ਲਈ ਇੱਕ ਵੱਡਾ ਕਦਮ ਚੁੱਕਿਆ ਜਾ ਰਿਹਾ ਹੈ।

ਅੱਜ ਇਸ ਨਾਲ ਸਰਕਾਰ ਆਪਣੇ ਆਪ ਨੂੰ ਧਾਰਮਿਕ ਭਾਵਨਾਵਾਂ ਪ੍ਰਤੀ ਸੰਵੇਦਨਸ਼ੀਲ ਵਿਖਾਉਣਾ ਚਾਹੁੰਦੀ ਹੈ ਅਤੇ ਰੈਡੀਕਲ ਸਿੱਖ ਵੋਟ ਬੈਂਕ ਵਿਚ ਆਪਣੀ ਪਕੜ ਮਜ਼ਬੂਤ ਕਰਨਾ ਚਾਹੁੰਦੀ ਹੈ ਪਰ ਵਿਰੋਧੀ ਨਜ਼ਰੀਆ ਕਾਂਗਰਸ ਅਤੇ ਹੋਰ ਵਿਰੋਧੀ ਇਸ ਨੂੰ ਰਾਜਨੀਤਿਕ ਡਰਾਮਾ ਦੱਸ ਰਹੇ ਹਨ। ਉਨ੍ਹਾਂ ਅਨੁਸਾਰ, ਆਪ ਸਰਕਾਰ ਨੇ ਚਾਰ ਸਾਲਾਂ ਵਿਚ ਬੇਅਦਬੀ ਮਾਮਲਿਆਂ ਵਿਚ ਕੋਈ ਠੋਸ ਕਾਰਵਾਈ ਨਹੀਂ ਕੀਤੀ। ਦੋਸ਼ੀ ਆਜ਼ਾਦ ਘੁੰਮ ਰਹੇ ਹਨ ਅਤੇ ਪੁਲਿਸ ਫਾਇਰਿੰਗ ਵਾਲੇ ਮਾਮਲਿਆਂ ਵਿਚ ਵੀ ਨਿਆਂ ਨਹੀਂ ਮਿਲਿਆ।

ਇਸ ਲਈ ਇਹ ਵਿਸ਼ੇਸ਼ ਇਜਲਾਸ ਇੱਕ ਛਾਪੇ ਵਜੋਂ ਹੈ ਤਾਂ ਜੋ ਚੋਣਾਂ ਤੋਂ ਪਹਿਲਾਂ ਧਾਰਮਿਕ ਭਾਵਨਾਵਾਂ ਨੂੰ ਉਕਸਾਇਆ ਜਾ ਸਕੇ। ਵਿਰੋਧੀਆਂ ਨੇ ਇਸ ਬਿਲ ਵਿਚ ਗਲਤੀਆਂ ਵੀ ਗਿਣਾਈਆਂ ਹਨ, ਜਿਵੇਂ ਬੇਅਦਬੀ ਦੀ ਸਪੱਸ਼ਟ ਪਰਿਭਾਸ਼ਾ ਨਾ ਹੋਣਾ, ਜਿਸ ਨਾਲ ਪੁਲਿਸ ਇਸ ਦਾ ਮਿਸਯੂਜ਼ ਕਰ ਸਕਦੀ ਹੈ ਅਤੇ ਆਜ਼ਾਦੀ ਆਪ ਭਾਸ਼ਣ ਤੇ ਅਸਰ ਪੈ ਸਕਦਾ ਹੈ। ਇਸ ਤੋਂ ਇਲਾਵਾ, ਇਸ ਨੂੰ ਸਾਰੀਆਂ ਧਰਮਾਂ ਲਈ ਨਾ ਲਿਆਉਣਾ ਵੀ ਇੱਕ ਤਰਫਦਾਰੀ ਵਜੋਂ ਵੇਖਿਆ ਜਾ ਰਿਹਾ ਹੈ।

ਇੱਕ ਨਿਰਪੱਖ ਵਿਸ਼ਲੇਸ਼ਣ ਵਿਚ ਦੋਵੇਂ ਪਾਸੇ ਸੱਚਾਈ ਹੈ। ਬੇਅਦਬੀ ਇੱਕ ਗੰਭੀਰ ਧਾਰਮਿਕ ਮੁੱਦਾ ਹੈ ਅਤੇ ਸਖਤ ਕਾਨੂੰਨ ਲਿਆਉਣਾ ਇੱਕ ਲੋੜੀਂਦਾ ਕਦਮ ਹੋ ਸਕਦਾ ਹੈ। ਪਰ ਇਸ ਨੂੰ ਰਾਜਨੀਤੀ ਨਾਲ ਜੋੜ ਕੇ ਲਾਗੂ ਕਰਨਾ ਖਤਰਨਾਕ ਵੀ ਹੋ ਸਕਦਾ ਹੈ। ਭਾਰਤ ਵਿਚ ਬਲਾਸਫੈਮੀ (ਬੇਅਦਬੀ) ਵਾਲੇ ਕਾਨੂੰਨਾਂ ਨੇ ਅਕਸਰ ਫ੍ਰੀ ਸਪੀਚ ਤੇ ਅਸਰ ਪਾਇਆ ਹੈ ਅਤੇ ਮਿਸਯੂਜ਼ ਦੇ ਮਾਮਲੇ ਵਧੇ ਹਨ (ਜਿਵੇਂ ਪਾਕਿਸਤਾਨ ਵਿਚ ਬਲਾਸਫੈਮੀ ਲਾਅ ਦੇ ਨਤੀਜੇ)। ਪੰਜਾਬ ਵਿਚ ਵੀ ਇਸ ਬਿਲ ਨੂੰ ਗਲਤ ਤਰੀਕੇ ਨਾਲ ਵਰਤਿਆ ਜਾ ਸਕਦਾ ਹੈ, ਖਾਸ ਕਰਕੇ ਰਾਜਨੀਤਿਕ ਵਿਰੋਧੀਆਂ ਖਿਲਾਫ ਪਰ ਇਸ ਨੂੰ ਪੂਰੀ ਤਰ੍ਹਾਂ ਰਾਜਨੀਤਿਕ ਏਜੰਡਾ ਵੀ ਨਹੀਂ ਕਿਹਾ ਜਾ ਸਕਦਾ।

ਪੰਜਾਬੀ ਸਮਾਜ ਵਿਚ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਡੂੰਘੀ ਸ਼ਰਧਾ ਹੈ ਅਤੇ ਬੇਅਦਬੀ ਨਾਲ ਲੋਕਾਂ ਵਿਚ ਗੁੱਸਾ ਫੈਲਦਾ ਹੈ, ਜੋ ਸਮਾਜਿਕ ਅਸਥਿਰਤਾ ਪੈਦਾ ਕਰ ਸਕਦਾ ਹੈ। ਇਸ ਲਈ ਇੱਕ ਮਜ਼ਬੂਤ ਡਿਟਰੈਂਟ ਲਿਆਉਣਾ ਇੱਕ ਸੱਚੀ ਪਹਿਲ ਵੀ ਮੰਨੀ ਜਾ ਸਕਦੀ ਹੈ, ਬਸ਼ਰਤੇ ਇਸ ਨੂੰ ਇਮਾਨਦਾਰੀ ਨਾਲ ਲਾਗੂ ਕੀਤਾ ਜਾਵੇ ਅਤੇ ਪੁਰਾਣੀਆਂ ਘਟਨਾਵਾਂ ਵਿਚ ਵੀ ਨਿਆਂ ਮਿਲੇ।ਵਿਧਾਨ ਸਭਾ ਵਿਚ ਬਹਿਸ ਅਤੇ ਤੂੰ-ਮੈਂ ਤੋਂ ਬਾਅਦ ਦੀ ਸਥਿਤੀ ਵਿਸ਼ੇਸ਼ ਇਜਲਾਸ ਵਿਚ ਬਿਲ ਪੇਸ਼ ਹੋਣ ਤੋਂ ਬਾਅਦ ਬਹਿਸ ਹੋਈ। ਆਪ ਐੱਮ ਐੱਲ ਏ ਨੇ ਇਸ ਨੂੰ ਲੋਕਾਂ ਦੀ ਲੋਕਾਂ ਦੀ ਭਾਵਨਾ ਅਨੁਸਾਰ ਕਦਮ ਦੱਸਿਆ।

ਆਉਣ ਵਾਲੇ ਦਿਨਾਂ ਦਾ ਭਵਿੱਖੀ ਏਜੰਡਾ ਇਸ ਬਿਲ ਦੇ ਪਾਸ ਹੋਣ ਤੋਂ ਬਾਅਦ ਇਸ ਨੂੰ ਗਵਰਨਰ ਦੀ ਮਨਜ਼ੂਰੀ ਲਈ ਭੇਜਿਆ ਜਾਵੇਗਾ। ਲਾਗੂ ਹੋਣ ਤੋਂ ਬਾਅਦ ਇਸ ਦੇ ਪ੍ਰਭਾਵ ਵੇਖਣੇ ਪੈਣਗੇ। ਸਕਾਰਾਤਮਕ ਪਾਸਾ ਬੇਅਦਬੀ ਘਟਨਾਵਾਂ ਘੱਟ ਹੋ ਸਕਦੀਆਂ ਹਨ ਅਤੇ ਲੋਕਾਂ ਵਿਚ ਭਰੋਸਾ ਵਧ ਸਕਦਾ ਹੈ ਅਤੇ ਨਕਾਰਾਤਮਕ ਪਾਸਾ ਫ੍ਰੀ ਸਪੀਚ ਤੇ ਅਸਰ, ਮਿਸਯੂਜ਼ ਅਤੇ ਧਾਰਮਿਕ ਤਣਾਅ ਵਧਣਾ ਹੈ।

ਅੱਜ ਰਾਜਨੀਤਿਕ ਪ੍ਰਭਾਵ ਹੇਠ 2027 ਚੋਣਾਂ ਵਿਚ ਇਸ ਨੂੰ ਵੱਡਾ ਇਸ਼ੂ ਬਣਾਇਆ ਜਾ ਸਕਦਾ ਹੈ। ਆਪ ਇਸ ਨੂੰ ਆਪਣੀ ਉਪਲਬਧੀ ਵਜੋਂ ਵਰਤੇਗੀ, ਜਦਕਿ ਵਿਰੋਧੀ ਇਸ ਨੂੰ ਧਰਮ ਨਾਲ ਖੇਡ ਵਜੋਂ ਪੇਸ਼ ਕਰਨਗੇ। ਭਵਿੱਖ ਵਿਚ ਇਸ ਬਿਲ ਨੂੰ ਹੋਰ ਧਰਮਾਂ ਲਈ ਵਿਸਥਾਰਿਤ ਕੀਤਾ ਜਾ ਸਕਦਾ ਹੈ ਜਾਂ ਇਸ ਨਾਲ ਜੁੜੀਆਂ ਚੁਣੌਤੀਆਂ (ਜਿਵੇਂ ਅਦਾਲਤੀ ਚੁਣੌਤੀ) ਆ ਸਕਦੀਆਂ ਹਨ। ਇਸ ਤੋਂ ਇਲਾਵਾ, ਪੰਜਾਬ ਵਿਚ ਧਰਮ ਅਤੇ ਰਾਜਨੀਤੀ ਦਾ ਮਿਲਾਪ ਵਧੇਰੇ ਤੇਜ਼ ਹੋ ਸਕਦਾ ਹੈ, ਜੋ ਲੰਮੇ ਸਮੇਂ ਲਈ ਸਮਾਜਿਕ ਏਕਤਾ ਲਈ ਚੁਣੌਤੀ ਬਣ ਸਕਦਾ ਹੈ।

ਅੱਜ ਇੱਕ ਸੰਤੁਲਿਤ ਨਜ਼ਰੀਆ ਪੰਜਾਬ ਵਿਧਾਨ ਸਭਾ ਦਾ ਇਹ ਵਿਸ਼ੇਸ਼ ਇਜਲਾਸ ਅਤੇ ਬੇਅਦਬੀ ਵਿਰੋਧੀ ਬਿਲ ਇੱਕੋ ਵਾਰ ਧਾਰਮਿਕ ਪਹਿਲ ਅਤੇ ਰਾਜਨੀਤਿਕ ਏਜੰਡਾ ਵੀ ਹੈ। ਇੱਕ ਪਾਸੇ ਇਸ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੀ ਸਤਿਕਾਰ ਰਾਖੀ ਲਈ ਇੱਕ ਮਜ਼ਬੂਤ ਕਦਮ ਚੁੱਕਿਆ ਗਿਆ ਹੈ, ਜੋ ਲੋਕਾਂ ਦੀਆਂ ਭਾਵਨਾਵਾਂ ਨੂੰ ਧਿਆਨ ਵਿਚ ਰੱਖਦਾ ਹੈ। ਦੂਜੇ ਪਾਸੇ, ਇਸ ਨੂੰ ਵਿਸਾਖੀ ਤੇ ਬੁਲਾਉਣਾ ਅਤੇ ਪੁਰਾਣੀਆਂ ਅਸਫਲਤਾਵਾਂ ਤੋਂ ਧਿਆਨ ਹਟਾਉਣਾ ਰਾਜਨੀਤੀ ਵਜੋਂ ਵੀ ਵੇਖਿਆ ਜਾ ਸਕਦਾ ਹੈ। ਅੱਜ ਜੇਕਰ ਇਸ ਬਿਲ ਨੂੰ ਇਮਾਨਦਾਰੀ ਨਾਲ ਲਾਗੂ ਕੀਤਾ ਗਿਆ ਅਤੇ ਪੁਰਾਣੀਆਂ ਘਟਨਾਵਾਂ ਵਿਚ ਵੀ ਨਿਆਂ ਮਿਲਿਆ ਤਾਂ ਇਸ ਨੂੰ ਇੱਕ ਸੱਚੀ ਧਾਰਮਿਕ ਪਹਿਲ ਮੰਨਿਆ ਜਾ ਸਕਦਾ ਹੈ। ਨਹੀਂ ਤਾਂ ਇਹ ਰਾਜਨੀਤੀ ਦਾ ਇੱਕ ਹੋਰ ਅਧਿਆਇ ਬਣ ਕੇ ਰਹਿ ਜਾਵੇਗਾ। ਪੰਜਾਬੀਆਂ ਨੂੰ ਇਸ ਮੁੱਦੇ ਤੇ ਸਾਵਧਾਨ ਰਹਿਣਾ ਚਾਹੀਦਾ ਹੈ ਤਾਂ ਜੋ ਧਰਮ ਦੀ ਰਾਖੀ ਲਈ ਲਿਆਂਦਾ ਗਿਆ ਕਾਨੂੰਨ ਧਰਮ ਨੂੰ ਹੀ ਰਾਜਨੀਤੀ ਦਾ ਖਿਲੌਣਾ ਨਾ ਬਣਾ ਦੇਵੇ।

ਗੁਰਿੰਦਰ ਸਿੰਘ ਅਸਰਪੁਰ
9988814520

# ਜਲ੍ਹਿਆਂਵਾਲੇ ਬਾਗ ਦਾ ਸ਼ਹੀਦ ਸੰਤ ਰਾਮ

13 ਅਪ੍ਰੈਲ 1919 ਨੂੰ ਜਲ੍ਹਿਆਂ ਵਾਲੇ ਬਾਗ ਵਿਚ ਸ਼ਹੀਦ ਹੋਣ ਵਾਲੇ ਸ਼ਹੀਦਾਂ ਦੀ ਪੱਥਰ ਉੱਤੇ ਉਕਰੀ ਨਾਵਾਂ ਦੀ ਸੂਚੀ ਉਪਰ ਇੱਕ ਨਾਮ ਸੰਤ ਰਾਮ ਜੀ ਦਾ ਵੀ ਹੈ। ਜੋ ਪਿੰਡ ਵਰਪਾਲ ਜ਼ਿਲ੍ਹਾ ਅੰਮ੍ਰਿਤਸਰ ਦੇ ਨਿਵਾਸੀ ਸਨ। ਸੰਤ ਰਾਮ ਮੇਰੇ ਜੀਜਾ ਜੀ ਅਸ਼ਵਨੀ ਸਿੰਘ ਦੇ ਦਾਦਾ ਗੁਲਾਬ ਚੰਦ ਜੀ ਦੇ ਛੋਟੇ ਭਰਾ ਸਨ। ਅਸ਼ਵਨੀ ਜੀ ਦਸਦੇ ਹਨ ਕਿ ਉਨ੍ਹਾਂ ਦੇ ਦਾਦਾ ਜੀ ਅਕਸਰ ਹੀ ਆਪਣੇ ਛੋਟੇ ਭਰਾ ਸੰਤ ਰਾਮ ਦੀਆਂ ਗੱਲਾਂ ਸੁਣਾਉਂਦੇ ਰਹਿੰਦੇ ਸਨ ਉਹ ਦੱਸਦੇ ਸਨ ਕਿ ਸੰਤ ਰਾਮ ਬਚਪਨ ਤੋਂ ਹੀ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਸੀ ਉਨ੍ਹਾਂ ਸਮਿਆ ਵਿਚ ਦਸਵੀਂ ਦੀ ਪੜ੍ਹਾਈ ਤੱਕ ਪਹੁੰਚਣਾ ਕੋਈ ਆਮ ਗੱਲ ਨਹੀਂ ਸੀ। ਪੜ੍ਹਾਈ ਦੇ ਨਾਲ ਨਾਲ ਉਹ ਘਰ ਦੇ ਕੰਮ-ਕਾਰ ਵਿੱਚ ਵੀ ਪੂਰਾ ਸਹਿਯੋਗ ਕਰਦੇ ਸਨ। ਇਹ ਸਿਰਫ ਦੋ ਭਰਾ ਸਨ ਗੁਲਾਬ ਚੰਦ ਜੀ ਵੱਡੇ ਸਨ ਅਤੇ ਸੰਤ ਰਾਮ ਜੀ ਉਨ੍ਹਾਂ ਤੋਂ ਛੋਟੇ ਸਨ। ਛੋਟੇ ਹੋਣ ਕਾਰਨ ਸੰਤ ਰਾਮ ਆਪਣੇ ਮਾਤਾ ਪਿਤਾ ਦੇ ਜ਼ਿਆਦਾ ਲਾਡਲੇ ਸਨ। ਸੁਭਾਅ ਦੇ ਚੰਗੇ ਹੋਣ ਕਾਰਨ ਸਾਰਾ ਪਰਿਵਾਰ ਅਤੇ ਪਿੰਡ ਦੇ ਲੋਕ ਵੀ ਸੰਤ ਰਾਮ ਜੀ ਨੂੰ ਬੜਾ ਪਿਆਰ ਕਰਦੇ ਸਨ। ਸਕੂਲ ਵਿਚ ਵੀ ਉਹ ਅਧਿਆਪਕਾਂ ਦਾ ਚਹੇਤਾ ਵਿਦਿਆਰਥੀ ਸੀ ਅਤੇ ਦਸਵੀਂ ਦੇ ਪੇਪਰ ਦੇਣ ਤੋਂ ਬਾਅਦ ਨਤੀਜੇ ਦੀ ਉਡੀਕ ਵਿਚ ਸੀ। ਉਸਦੇ ਦਿਲ ਵਿਚ ਦੇਸ ਲਈ ਬੜਾ ਪਿਆਰ ਸੀ ਅਕਸਰ ਹੀ ਉਹ ਦੇਸ ਭਗਤਾਂ ਦੇ ਕਿੱਸੇ ਪੜ੍ਹਦਾ ਤੇ ਸੁਣਦਾ ਰਹਿੰਦਾ ਉਨ੍ਹਾਂ ਦਿਨਾਂ ਵਿਚ ਜਾਲਮ ਅੰਗਰੇਜ਼ ਸਰਕਾਰ ਦੇ ਜ਼ੁਲਮਾਂ ਦੀ ਇੰਤਹਾ ਹੋਈ ਪਈ ਸੀ। ਅੰਗਰੇਜ਼ਾਂ ਨੇ ਭਾਰਤ ਵਿਚ ਲੋਕਾਂ ਦੀ ਅਜ਼ਾਦੀ ਦੀ ਲਹਿਰ ਨੂੰ ਦਬਾਉਣ ਲਈ ਰੋਲਟ ਐਕਟ ਲਿਆਂਦਾ। ਇਸ ਕਾਨੂੰਨ ਅਨੁਸਾਰ ਸੀ.ਆਈ.ਡੀ. ਦੇ ਸਿਪਾਹੀ ਦੀ ਰਿਪੋਰਟ ਤੇ ਕਿਸੇ ਉੱਤੇ ਵੀ ਦੇਸ ਧਰੋਹ ਦਾ ਦੋਸ਼ ਲੱਗ ਸਕਦਾ ਸੀ ਇਸ ਲਈ ਉਸ ਨੂੰ ਸਫਾਈ ਦਾ ਕੋਈ ਮੌਕਾ ਵੀ ਨਹੀਂ ਦਿੱਤਾ ਜਾਣਾ ਸੀ ਤੇ ਨਾ ਹੀ ਉਹ ਉਸ ਵਿਰੁੱਧ ਅਦਾਲਤ ਵਿਚ ਜਾ ਸਕਦਾ ਸੀ। ਲੋਕਾਂ ਨੇ ਇਸ ਨੂੰ ਕਾਲਾ ਕਾਨੂੰਨ ਕਿਹਾ। ਇਸ ਵਿਰੁੱਧ ਉਹ ਨਾ ਦਲੀਲ ਨਾ ਅਪੀਲ ਨਾ ਵਕੀਲ ਕਰ ਸਕਦੇ ਸਨ। ਪੂਰੇ ਦੇਸ ਵਿਚ ਇਸ ਐਕਟ ਦਾ ਵਿਰੋਧ ਹੋਇਆ। 13 ਅਪ੍ਰੈਲ 1919 ਨੂੰ ਜਲਿਆਂ ਵਾਲੇ ਬਾਗ ਵਿਚ ਇਕ ਇਕੱਠ ਰੱਖਿਆ ਗਿਆ। ਜਿਸ ਦਾ ਮੁਖ ਮਨੋਰਥ ਜ਼ਾਲਮ ਅੰਗਰੇਜ਼ ਸਰਕਾਰ ਨੂੰ ਦੇਸ ਵਿਚੋਂ ਬਾਹਰ ਕੱਢਣਾ ਸੀ। ਇਸ ਜਲਸੇ ਦੇ ਐਲਾਨ ਮਗਰੋਂ ਅੰਗਰੇਜ਼ ਅਫਸਰ ਜਨਰਲ ਡਾਇਰ ਅੱਗ ਬਬੂਲਾ ਹੋ ਗਿਆ।

ਇਸ ਜਲਸੇ ਨੂੰ ਸਬਕ ਸਿਖਾਉਣ ਲਈ ਜਨਰਲ ਡਾਇਰ ਨੇ ਫੌਜ ਬੁਲਾ ਲਈ ਅਤੇ 13 ਅਪ੍ਰੈਲ 1919 ਦੀ ਵਿਸਾਖੀ ਵਾਲੇ ਦਿਨ ਜਲ੍ਹਿਆਂ ਵਾਲੇ ਬਾਗ ਵਿਖੇ ਰੱਖੇ ਇਕੱਠ ਉਤੇ ਅੰਨ੍ਹੇਵਾਹ ਗੋਲੀ ਚਲਾ ਦਿਤੀ। ਜਿਸ ਵਿਚ ਸੈਂਕੜੇ ਲੋਕ ਸ਼ਹੀਦ ਹੋਏ ਅਤੇ ਹਜ਼ਾਰਾਂ ਫੱਟੜ ਹੋ ਗਏ। ਜਲ੍ਹਿਆਂਵਾਲੇ ਬਾਗ ਦਾ ਇਹ ਖ਼ੂਨੀ ਸਾਕਾ ਇਤਿਹਾਸ ਦੇ ਕਾਲੇ ਪੰਨਿਆਂ ਉਤੇ ਅਮਿੱਟ ਯਾਦ ਬਣਕੇ ਹਮੇਸ਼ਾ ਦਿਲਾਂ ਨੂੰ ਟੁੰਭਦਾ ਰਹੇਗਾ। ਸੰਤ ਰਾਮ ਜੀ ਸੰਘਰਸ਼ ਕਰ ਰਹੇ ਲੋਕਾਂ ਦੇ ਨਾਲ ਸਭ ਤੋਂ ਮੂਹਰਲੀ ਕਤਾਰ ਵਿਚ ਸ਼ਾਮਲ ਸਨ ਇਕ ਗੋਲੀ ਉਹਨਾਂ ਦੀ ਛਾਤੀ ਵਿਚ ਆ ਵੱਜੀ ਅਤੇ ਉਹ ਥਾਂ ਹੀ ਸ਼ਹੀਦ ਹੋ ਗਏ।

ਇਸ ਸਾਕੇ ਨੇ ਪੂਰੇ ਹਿੰਦੁਸਤਾਨ ਦੀ ਜਨਤਾ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਆਪ ਜੀ ਦੇ ਪਿਤਾ ਸ਼ਿਵਰਾਮ ਦਾਸ ਅਤੇ ਮਾਤਾ ਬਸੰਤ ਕੌਰ ਨੂੰ ਗਹਿਰਾ ਸਦਮਾ ਲੱਗਾ। ਮਾਤਾ ਬਸੰਤ ਕੌਰ ਜੀ ਆਪਣੇ ਪੁੱਤਰ ਦੀ ਤੜਪ ਵਿਚ ਹਰ ਰੋਜ਼ ਰੋਟੀਆਂ ਬਣਾਉਂਦੀ ਅਤੇ ਛਾਬਾ ਸਿਰ ਉੱਤੇ ਚੁੱਕ ਕੇ ਨੰਗੇ ਪੈਰੀ ਜਲ੍ਹਿਆਂਵਾਲੇ ਬਾਗ ਤੱਕ ਤਕਰੀਬਨ 12 ਕਿਲੋਮੀਟਰ ਦਾ ਸਫਰ ਤੈਅ ਕਰਕੇ ਆਉਂਦੀ ਉੱਥੇ ਬੈਠ ਕੇ ਰੋਂਦੀ ਕਰਲਾਉਂਦੀ ਪੰਛੀਆਂ ਨੂੰ ਰੋਟੀਆਂ ਪਾ ਵਾਪਿਸ ਮੁੜ ਜਾਂਦੀ। ਜੇਠ-ਹਾੜ ਦੀਆਂ ਧੁੱਪਾਂ, ਮੀਂਹ-ਝੱਖੜ ਕਿੱਕਰਾਂ ਦੀਆਂ ਸੂਲਾਂ ਮਾਂ ਦੀ ਮਮਤਾ ਅੱਗੇ ਕਮਜ਼ੋਰ ਹੋ ਗਏ ਜਾਪਦੇ ਸਨ।

ਕਿਉਂਕਿ ਇਕ ਵਾਰ ਉਹਨਾਂ ਦੇ ਪੈਰ ਵਿਚ ਸੂਲ ਚੁਭ ਗਈ ਜੋ ਉਨ੍ਹਾਂ ਨੇ ਕੱਢਣ ਨਹੀਂ ਦਿੱਤੀ ਅਤੇ ਕਿਹਾ ਕਿ ਮੇਰਾ ਪੁੱਤਰ ਜਦੋਂ ਸੀਨੇ ਵਿਚ ਗੋਲੀ ਖਾ ਕੇ ਸ਼ਹੀਦ ਹੋ ਸਕਦਾ ਹੈ ਕੀ ਮੈਂ ਇਕ ਸੂਲ ਦੀ ਪੀੜ ਵੀ ਬਰਦਾਸ਼ਤ ਨਹੀਂ ਕਰ ਸਕਦੀ ? ਪਰਿਵਾਰ ਅਤੇ ਰਿਸ਼ਤੇਦਾਰਾਂ ਦੇ ਬਹੁਤ ਰੋਕਣ ਦੇ ਬਾਵਜੂਦ ਵੀ ਆਪਣੇ ਪੁੱਤਰ ਦੀ ਯਾਦ ਵਿਚ ਤਕਰੀਬਨ ਡੇਢ ਸਾਲ ਤੱਕ ਜਲ੍ਹਿਆਂਵਾਲੇ ਬਾਗ ਦੀ ਧਰਤੀ ਨੂੰ ਅੱਖਾਂ ਦੇ ਹੰਝੂਆਂ ਨਾਲ ਨਮ ਕਰ ਕੇ ਜਾਂਦੀ। ਬਸੰਤ ਕੌਰ ਦੀ ਇਹ ਹਾਲਤ ਵੇਖ ਕੇ ਲੋਕਾਂ ਦੇ ਦਿਲ ਵੀ ਕੰਬ ਉਠਦੇ। ਮੇਰੇ ਜੀਜਾ ਜੀ ਅਸ਼ਵਨੀ ਸਿੰਘ ਦੱਸਦੇ ਹਨ ਕਿ ਉਹਨਾਂ ਨੇ ਆਪਣੇ ਦਾਦਾ ਜੀ ਨੂੰ ਵਡੇਰੀ ਉਮਰ ਵਿਚ ਵੀ ਆਪਣੇ ਛੋਟੇ ਭਰਾ ਸੰਤ ਰਾਮ ਨੂੰ ਯਾਦ ਕਰਕੇ ਬਹੁਤ ਵਾਰ ਰੋਂਦਿਆਂ ਦੇਖਿਆ ਸੀ। ਜਿੱਥੇ ਰਹਿੰਦੀ ਦੁਨੀਆ ਤਕ ਜਲ੍ਹਿਆਂਵਾਲੇ ਬਾਗ ਦੇ ਕਾਂਡ ਲਈ ਅੰਗਰੇਜ਼ ਸਰਕਾਰ ਨੂੰ ਲਾਹਣਤਾਂ ਪੈਂਦੀਆ ਰਹਿਣਗੀਆਂ ਉਥੇ ਹੀ ਸੰਤ ਰਾਮ ਅਤੇ ਉਸਦੀ ਮਾਂ ਦੀ ਮਮਤਾ ਦੀ ਕਹਾਣੀ ਹਮੇਸ਼ਾ ਸੁਨਹਿਰੀ ਅੱਖਰਾਂ ਵਿਚ ਚਮਕਦੀ ਰਹੇਗੀ।

## ਅਣਗੌਲਿਆ ਗ਼ਦਰੀ ਯੋਧਾ ਗਾਂਧਾ ਸਿੰਘ

ਗਾਂਧਾ ਸਿੰਘ ਜਦੋਂ ਅਮਰੀਕਾ ਵਿੱਚ ਗ਼ਦਰ ਪਾਰਟੀ ਨਾਲ ਜੁੜੇ ਤਾਂ ਉਸ ਵੇਲੇ ਉਨ੍ਹਾਂ ਦੀ ਉਮਰ 28 ਸਾਲ ਦੇ ਕਰੀਬ ਸੀ। ਉਨ੍ਹਾਂ ਨੇ ਅਮਰੀਕਾ ਵਿੱਚ ਗ਼ਦਰ ਪਾਰਟੀ ਦੇ ਮੁੱਢਲੇ ਦਿਨਾਂ ਤੋਂ ਹੀ ਗ਼ਦਰ ਪਾਰਟੀ ਦੀਆਂ ਸਰਗਰਮੀਆਂ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਹੋਰ ਕਈ ਗ਼ਦਰੀਆਂ ਦੀ ਤਰ੍ਹਾਂ ਆਪਣੀ ਅਸਲੀ ਪਛਾਣ ਲੁਕਾਉਣ ਲਈ ਉਨ੍ਹਾਂ ਨੇ ਆਪਣਾ ਫਰਜ਼ੀ ਨਾਂ ਭਗਤ ਸਿੰਘ ਰੱਖ ਲਿਆ। ਉਹ 30 ਮਈ 1913 ਨੂੰ ਗ਼ਦਰ ਪਾਰਟੀ ਦੀ ਅਸਟੋਰੀਆ ਵਿੱਚ ਹੋਈ ਮੀਟਿੰਗ ਤੇ ਦਸੰਬਰ 1913 ਵਿੱਚ ਸੈਕਰਾਮੈਂਟੋ ਵਿੱਚ ਹੋਈ ਕਾਨਫਰੰਸ ਵਿੱਚ ਸ਼ਾਮਿਲ ਹੋਏ। ਇਸ ਮਗਰੋਂ ਉਹ ਸੋਹਣ ਸਿੰਘ ਭਕਨਾ ਨਾਲ ਅਮਰੀਕਾ ਵਿੱਚ ਗ਼ਦਰ ਪਾਰਟੀ ਦੀਆਂ ਨਵੀਆਂ ਇਕਾਈਆਂ ਬਣਾਉਣ ਤੇ ਫੰਡ ਇੱਕਠਾ ਕਰਨ ਲਈ ਹਿੰਦੀਆਂ ਦੇ ਅੱਡਿਆਂ 'ਤੇ ਘੁੰਮੇ। ਸੋਹਣ ਸਿੰਘ ਭਕਨਾ ਨੇ ਦੱਸਿਆ ਕਿ ਗਾਂਧਾ ਸਿੰਘ ਕੱਚਰਭੰਨ ਗ਼ਦਰ ਅਖ਼ਬਾਰ ਦੀ ਪ੍ਰੈਸ (ਯੁਗਾਂਤਰ ਆਸ਼ਰਮ), ਜਿੱਥੇ ਗ਼ਦਰ ਸਾਹਿਤ ਛਪਦਾ ਸੀ, ਉੱਥੇ ਸਹਿਯੋਗ ਕਰਦਾ ਸੀ।

ਜਦੋਂ ਅੰਗਰੇਜ਼ ਸਰਕਾਰ ਨੇ ਗ਼ਦਰ ਪਾਰਟੀ ਦੀ ਅਖ਼ਬਾਰ ਸਮੇਤ ਹੋਰ ਗ਼ਦਰੀ ਸਾਹਿਤ ਦੇ ਹਿੰਦੋਸਤਾਨ ਵਿੱਚ ਦਾਖਲੇ 'ਤੇ ਪਾਬੰਦੀ ਲਾ ਦਿੱਤੀ ਤਾਂ ਗ਼ਦਰ ਪਾਰਟੀ ਨੇ ਗਾਂਧਾ ਸਿੰਘ ਤੇ ਕਰਤਾਰ ਸਿੰਘ ਦੁੱਕੀ ਨੂੰ ਹਿੰਦੋਸਤਾਨ ਭੇਜ ਦਿੱਤਾ, ਤਾਂ ਜੋ ਹਿੰਦੋਸਤਾਨ ਵਿੱਚ ਹੀ ਖ਼ੁਫ਼ੀਆ ਪ੍ਰੈਸ ਲਗਾ ਕੇ ਸਾਹਿਤ ਛਾਪਿਆ ਜਾ ਸਕੇ।

ਜਦੋਂ ਗ਼ਦਰ ਪਾਰਟੀ ਦੇ ਸੱਦੇ 'ਤੇ ਗ਼ਦਰੀ ਵਿਦੇਸ਼ਾਂ ਤੋਂ ਸਮੁੰਦਰੀ ਜਹਾਜ਼ ਵਿੱਚ ਬੈਠ ਕੇ ਹਿੰਦੋਸਤਾਨ ਆ ਰਹੇ ਸਨ ਤਾਂ ਅੰਗਰੇਜ਼ਾਂ ਨੇ ਹਿੰਦੋਸਤਾਨ ਦੇ ਘਾਟਾਂ 'ਤੇ ਜਹਾਜ਼ਾਂ ਤੋਂ ਉੱਤਰਦੇ ਗ਼ਦਰੀਆਂ ਦੀ ਪੁੱਛਗਿੱਛ ਤੇ ਗ੍ਰਿਫ਼ਤਾਰੀਆਂ ਸ਼ੁਰੂ ਕਰ ਦਿੱਤੀਆਂ। ਵਾਪਸ ਮੁੜਦੇ ਗਾਂਧਾ ਸਿੰਘ ਨੇ ਭਾਰਤ ਆ ਰਹੇ ਗ਼ਦਰੀਆਂ ਦੇ ਲੀਡਰਾਂ ਨੂੰ ਇਸ ਬਾਰੇ ਖ਼ਬਰਦਾਰ ਕਰ ਦਿੱਤਾ ਕਿ ਹਾਂਗਕਾਂਗ ਤਲਾਸ਼ੀ ਹੋਣੀ ਹੈ। ਕਲਕੱਤਾ ਪੁੱਛ-ਪੜਤਾਲ ਹੋਵੇਗੀ, ਹਥਿਆਰ ਤੇ ਹੋਰ ਸਾਮਾਨ ਸੰਭਾਲ ਕੇ ਜਹਾਜ਼ਾਂ ਦੇ ਰਾਹ ਬਦਲ ਲਏ ਜਾਣ।

ਇਹ ਖ਼ਬਰ ਮਿਲਣ ਮਗਰੋਂ ਗ਼ਦਰੀਆਂ ਨੇ ਹਥਿਆਰ ਤੇ ਗ਼ਦਰੀ ਸਾਹਿਤ ਲੁਕਾ ਲਿਆ ਜਾਂ ਸਮੁੰਦਰ ਵਿੱਚ ਸੁੱਟ ਦਿੱਤਾ। ਜਹਾਜ਼ਾਂ ਨੇ ਰਸਤੇ ਬਦਲ ਲਏ, ਜਿਸ ਨਾਲ ਬਹੁਤ ਸਾਰੇ ਗ਼ਦਰੀ ਹਿੰਦੋਸਤਾਨ ਪਹੁੰਚ ਕੇ ਗ੍ਰਿਫ਼ਤਾਰੀ ਤੋਂ ਬਚ ਗਏ ਤੇ ਹਥਿਆਰ ਲੁਕਾ ਕੇ ਹਿੰਦੋਸਤਾਨ ਲਿਆਉਣ ਵਿੱਚ ਕਾਮਯਾਬ ਹੋ ਗਏ।

ਗਾਂਧਾ ਸਿੰਘ 25 ਅਕਤੂਬਰ 1914 ਨੂੰ ਮਸ਼ੀਮਾ ਮਾਰੂ ਜਹਾਜ਼ ਰਾਹੀਂ ਕੋਲੰਬੋ ਪਹੁੰਚੇ ਤੇ ਉਥੋਂ ਪੰਜਾਬ ਆਏ। ਮਗਰੋਂ 19 ਨਵੰਬਰ 1914 ਨੂੰ ਗ਼ਦਰੀਆਂ ਦੀ ਮੋਗੇ ਹੋਈ ਮੀਟਿੰਗ ਵਿੱਚ ਸ਼ਾਮਿਲ ਹੋਏ ਤੇ ਇੱਥੇ ਹੀ ਨਿਧਾਨ ਸਿੰਘ ਨੇ ਇਨ੍ਹਾਂ ਨੂੰ ਪਿਸਤੌਲ ਤੇ ਕਾਰਤੂਸ ਦਿੱਤੇ। ਫਿਰ ਇਹ 23 ਨਵੰਬਰ 1914 ਨੂੰ ਬੱਦੋਵਾਲ-ਮੁੱਲਾਂਪੁਰ ਸਟੇਸ਼ਨ 'ਤੇ ਹੋਈ ਮੀਟਿੰਗ 'ਚ ਸ਼ਾਮਿਲ ਹੋਏ। 25 ਨਵੰਬਰ 1914 ਨੂੰ ਗ਼ਦਰੀਆਂ ਵੱਲੋਂ ਮੀਆਂ ਮੀਰ ਮੈਗਜ਼ੀਨ ਲੁੱਟਣ ਗਈ ਟੀਮ ਵਿੱਚ ਵੀ ਉਹ ਸ਼ਾਮਿਲ ਸਨ ਪਰ ਸਕੀਮ ਫੇਲ੍ਹ ਹੋਣ ਕਾਰਨ ਉਹ ਬਾਕੀ ਗ਼ਦਰੀਆਂ ਨਾਲ ਫਿਰੋਜ਼ਪੁਰ ਵਾਪਸ ਆ ਗਏ। ਗ਼ਦਰੀਆਂ ਦੇ ਮੋਗਾ ਸਰਕਾਰੀ ਖਜ਼ਾਨਾ ਲੁੱਟਣ ਦੀ ਸਕੀਮ ਤਹਿਤ ਜਦੋਂ ਇਹ ਹੋਰਨਾਂ ਗ਼ਦਰੀਆਂ ਨਾਲ ਤਿੰਨ ਤਾਂਗਿਆਂ 'ਤੇ ਫਿਰੋਜ਼ਪੁਰ ਤੋਂ ਮੋਗਾ ਵਾਪਸ ਆ ਰਹੇ ਸਨ ਤਾਂ ਫ਼ੇਰੂ ਸ਼ਹਿਰ ਕੋਲ ਪੁਲੀਸ ਨੇ ਇਨ੍ਹਾਂ ਤਾਂਗਿਆਂ ਨੂੰ ਰੋਕ ਲਿਆ। ਉੱਥੇ ਗ਼ਦਰੀਆਂ ਦੀ ਪੁਲੀਸ ਨਾਲ ਤਕਰਾਰ ਤੋਂ ਬਾਅਦ ਗਾਂਧਾ ਸਿੰਘ ਨੇ ਸਬ-ਇੰਸਪੈਕਟਰ ਤੇ ਜ਼ੈਲਦਾਰ ਦੇ ਗੋਲੀ ਮਾਰ ਦਿੱਤੀ। ਉੱਥੇ ਕਈ ਗ਼ਦਰੀ ਫੜ੍ਹੇ ਗਏ ਸਨ ਪਰ ਗਾਂਧਾ ਸਿੰਘ ਇਥੋਂ ਫਰਾਰ ਹੋ ਗਏ।

ਪਾਰਟੀ ਨੂੰ ਜਦੋਂ ਗ਼ਦਰ ਲਈ ਹਥਿਆਰਾਂ ਤੇ ਪੈਸੇ ਦੀ ਲੋੜ ਸੀ ਤਾਂ ਗ਼ਦਰੀਆਂ ਨੇ ਸ਼ਾਹੂਕਾਰਾਂ ਤੇ ਸਰਕਾਰੀ ਖਜ਼ਾਨੇ ਲੁੱਟਣ ਦਾ ਫ਼ੈਸਲਾ ਕੀਤਾ। ਗਾਂਧਾ ਸਿੰਘ ਨੇ 10 ਥਾਵਾਂ 'ਤੇ ਡਾਕੇ ਮਾਰਨ ਦੀਆਂ ਕੋਸ਼ਿਸ਼ਾਂ 'ਚ ਮੋਹਰੀ ਰੋਲ ਅਦਾ ਕੀਤਾ, ਜਿਨ੍ਹਾਂ 'ਚੋਂ ਦੋ ਡਾਕਿਆਂ 'ਚ ਗ਼ਦਰੀ ਪੈਸਾ ਤੇ ਗਹਿਣੇ ਲੁੱਟਣ ਵਿੱਚ ਕਾਮਯਾਬ ਵੀ ਹੋਏ। ਜਦੋਂ ਗ਼ਦਰ ਪਾਰਟੀ ਨੂੰ ਅੰਗਰੇਜ਼ਾਂ 'ਤੇ ਹਮਲਾ ਕਰਨ ਲਈ ਬੰਬਾਂ ਦੀ ਲੋੜ ਸੀ ਤਾਂ ਗਾਂਧਾ ਸਿੰਘ ਨੇ ਲੋਹਟਬੱਧੀ ਵਿੱਚ ਗੁਪਤ ਬੰਬਾਂ ਦੀ ਫੈਕਟਰੀ ਕਾਇਮ ਕੀਤੀ।ਗ਼ਦਰ ਪਾਰਟੀ ਵੱਲੋਂ ਤਹਿ 19 ਫਰਵਰੀ 1915 ਦੀ ਗ਼ਦਰ ਕਰਨ ਦੀ ਤਾਰੀਖ ਤਹਿਤ ਜੋਧਾਂ ਸਿੰਘ ਵੀ ਫਿਰੋਜ਼ਪੁਰ ਦੀ ਫ਼ੌਜੀ ਛਾਉਣੀ ਤੋਂ ਹਥਿਆਰ ਲੁੱਟਣ ਫਿਰੋਜ਼ਪੁਰ ਪਹੁੰਚੇ ਪਰ ਅੰਗਰੇਜ਼ਾਂ ਨੂੰ ਇਸ ਦੀ ਸੂਚਨਾ ਮਿਲਣ ਕਾਰਨ ਫ਼ੌਜੀ ਛਾਉਣੀਆਂ ਤੋਂ ਹਥਿਆਰ ਲੁੱਟਣ ਦੀਆਂ ਸਾਰੀਆਂ ਸਕੀਮਾਂ ਫੇਲ੍ਹ ਹੋ ਗਈਆਂ ਤੇ ਕਈ ਗ਼ਦਰੀ ਫੜ੍ਹੇ ਗਏ। 19 ਸਤੰਬਰ 1915 ਨੂੰ ਅੰਗਰੇਜ਼ ਸਰਕਾਰ ਵੱਲੋਂ ਗਾਂਧਾ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਤੇ 8 ਮਾਰਚ 1916 ਨੂੰ ਲਾਹੌਰ ਸੈਂਟਰਲ ਜੇਲ੍ਹ ਵਿੱਚ ਉਨ੍ਹਾਂ ਨੂੰ ਫਾਂਸੀ ਦੇ ਦਿੱਤੀ ਗਈ।ਸ਼ਹੀਦ ਭਗਤ ਸਿੰਘ ਤੇ ਸ਼ਿਵ ਵਰਮਾ ਨੇ ਇਲਾਹਾਬਾਦ ਤੋਂ ਹਿੰਦੀ ਵਿੱਚ ਨਿਕਲਦੇ 'ਚਾਂਦ ਫਾਂਸੀ' ਦੇ ਨਵੰਬਰ 1928 ਦੇ ਵਿਸ਼ੇਸ਼ ਅੰਕ ਲਈ 53 ਸ਼ਹੀਦਾਂ ਬਾਰੇ ਲੇਖ ਲਿਖੇ ਸਨ। ਭਗਤ ਸਿੰਘ ਵੱਲੋਂ ਗਾਂਧਾ ਸਿੰਘ ਬਾਰੇ ਲਿਖਿਆ ਲੇਖ ਉਨ੍ਹਾਂ ਵਿੱਚੋਂ ਇੱਕ ਸੀ। ਸੋਹਣ ਸਿੰਘ ਭਕਨਾ ਨੇ ਵੀ ਆਪਣੀਆਂ ਯਾਦਾਂ 'ਚ ਕਈ ਥਾਂ ਗਾਂਧਾ ਸਿੰਘ ਵੱਲੋਂ ਗ਼ਦਰ ਲਹਿਰ 'ਚ ਪਾਏ ਸਹਿਯੋਗ ਦਾ ਜ਼ਿਕਰ ਕੀਤਾ ਹੈ।

## ਰੰਗ-ਬਰੰਗਾ ਭਾਦੋਂ ਦਾ ਮਹੀਨਾ

ਸਾਉਣ ਤੋਂ ਬਾਅਦ ਭਾਦੋਂ ਦਾ ਮਹੀਨਾ ਦਸਤਕ ਦਿੰਦਾ ਹੈ। ਦੇਸੀ ਸਾਲ ਦਾ ਇਹ ਛੇਵਾਂ ਮਹੀਨਾ ਹੈ। ਪੁਰਾਣੇ ਸਮਿਆਂ ਵਿੱਚ ਲੋਕ ਜਿਸ ਮਹੀਨੇ ਬੱਚੇ ਦਾ ਜਨਮ ਹੁੰਦਾ, ਉਸ ਮਹੀਨੇ 'ਤੇ ਉਸ ਦਾ ਨਾਂ ਰੱਖ ਲੈਂਦੇ, ਜਿਵੇਂ ਚੇਤ ਸਿੰਘ, ਵਿਸਾਖਾ ਸਿੰਘ, ਜੇਠਾ, ਸਾਉਣ ਸਿਉਂ ਪਰ ਭਾਦੋਂ ਵਿੱਚ ਜੰਮਿਆਂ ਦਾ ਨਾਂ ਕਦੇ ਨਹੀਂ ਸੁਣਿਆ। ਸਾਊਣ ਮਹੀਨੇ ਪੰਜਾਬ ਦੀਆਂ ਧੀਆਂ ਪੇਕਿਆਂ ਵੱਲ ਵਹੀਰਾਂ ਘੱਤ ਦਿੰਦੀਆਂ ਨੇ ਅਤੇ ਭਾਦੋਂ ਚੜ੍ਹਦੀ ਸਾਰ ਉਨ੍ਹਾਂ ਨੂੰ ਆਪਣੇ ਸਹੁਰੇ ਘਰੀਂ ਜਾਣਾ ਪੈਂਦਾ ਹੈ। ਹੁਣ ਭਾਵੇਂ ਸਮਾਂ ਕਰਵਟ ਲੈ ਚੁੱਕਾ ਹੈ ਪਰ ਸਾਡੀ ਲੋਕ ਧਾਰਾ ਵਿੱਚ ਭਾਦੋਂ ਦੇ ਮਹੀਨੇ ਨੂੰ ਵਿਛੋੜਾ ਪਾਉਣ ਵਾਲਾ ਮੰਨਿਆ ਗਿਆ ਹੈ। ਜਿਵੇਂ:

**ਸਾਉਣ ਦੀ ਮੈਂ ਵੰਡਾਂ ਸੀਰਨੀ,**
**ਭਾਦੋਂ ਚੜ੍ਹਦੀ ਨੂੰ ਅੱਗ ਲੱਗ ਜਾਵੇ,**
**ਸਾਉਣ ਵੀਰ ਕੱਠੀਆਂ ਕਰੇ,**
**ਭਾਦੋਂ ਚੰਦਰੀ ਵਿਛੋੜੇ ਪਾਵੇ।**

ਭਾਦੋਂ 'ਚ ਭੈਣਾਂ, ਭੈਣਾਂ ਕੋਲੋਂ ਧੀਆਂ ਮਾਵਾਂ ਕੋਲੋਂ ਵਿਛੜ ਜਾਂਦੀਆਂ ਨੇ। ਸਾਉਣ ਮਹੀਨੇ ਦੇ ਤੀਆਂ ਵਾਂਗ ਲੰਘੇ ਦਿਨ ਵਿਛੋੜੇ ਤੋਂ ਪਹਿਲਾਂ ਵਾਰ ਵਾਰ ਯਾਦ ਆਉਂਦੇ ਨੇ।

ਜਦੋਂ ਰੁੱਤਾਂ ਦੇ ਹਿਸਾਬ ਨਾਲ ਦੇਖਦੇ ਹਾਂ ਤਾਂ ਭਾਦੋਂ ਵੀ ਸਾਉਣ ਦੀ ਤਰ੍ਹਾਂ ਹੀ ਬਰਸਾਤ ਰੁੱਤ ਦਾ ਮਹੀਨਾ ਹੈ। ਸਾਉਣ ਵਿੱਚ ਜਿੱਥੇ ਹਾੜ੍ਹ, ਜੇਠ ਦੀਆਂ ਤਪਦੀਆਂ ਧੁੱਪਾਂ ਤੋਂ ਮੀਂਹ ਨਾਲ ਰਾਹਤ ਮਿਲਦੀ ਹੈ, ਉੱਥੇ ਭਾਦੋਂ ਵਿੱਚ ਧਰਤੀ ਗਿੱਲੀ-ਸਿੱਲ੍ਹੀ ਹੋਣ ਕਾਰਨ ਮੌਸਮ ਵੀ ਸਿੱਲ੍ਹਾ ਹੋ ਜਾਂਦਾ ਹੈ। ਸਿੱਲ੍ਹੀ ਸਿੱਲ੍ਹੀ ਆਉਂਦੀ ਹਵਾ ਇੱਕ ਤਰ੍ਹਾਂ ਵਿਛੋੜੇ ਦੇ ਅਹਿਸਾਸ ਦਾ ਪ੍ਰਗਟਾਵਾ ਕਰਦੀ ਜਾਪਦੀ ਹੈ। ਇਸ ਮਹੀਨੇ ਮੌਸਮ ਕਈ ਤਰ੍ਹਾਂ ਦੇ ਰੰਗ ਬਦਲਦਾ ਹੈ। ਕਦੇ ਮੀਂਹ ਪੈਣ ਨਾਲ ਰਾਹਤ ਤੇ ਮੌਸਮ ਖੁਸ਼ਗਵਾਰ ਹੋ ਜਾਂਦਾ ਹੈ, ਕਦੇ ਤੇਜ਼ ਕੜਕਦੀ ਧੁੱਪ ਪੈਂਦੀ ਹੈ ਤੇ ਕਦੇ ਹਵਾ ਇੱਕ ਦਮ ਬੰਦ ਹੋ ਜਾਂਦੀ ਹੈ। ਕਦੇ ਸਾਹ ਰੁਕਣ ਲੱਗਦਾ ਹੈ ਤੇ ਕਦੇ ਦਿਨ ਛੁਪਣ ਵੇਲੇ ਕਿਸੇ ਪਾਸਿਓਂ ਠੰਢਾ ਬੁੱਲਾ ਤਪਦੇ ਸਰੀਰਾਂ ਨੂੰ ਠਾਰ ਜਾਂਦਾ ਹੈ। ਇਸ ਮਹੀਨੇ ਜਦੋਂ ਕਦੇ ਦਿਨ ਵਿੱਚ ਇਸ ਤਰ੍ਹਾਂ ਮੌਸਮ ਚਾਰ ਵਾਰ ਬਦਲ ਜਾਵੇ ਤਾਂ ਅਜਿਹੇ ਦਿਨ ਨੂੰ ਹੀ ਚੌਮਾਸਾ ਕਹਿ ਦਿੰਦੇ ਹਨ। ਭਾਦੋਂ ਤੋਂ ਅੱਕਿਆ ਜੱਟ ਸਾਧ ਹੋ ਜਾਂਦਾ ਹੈ ਤੇ ਗਲ ਵਿੱਚ ਗੰਢਿਆਂ ਦੀ ਮਾਲਾ ਪਾ ਲੈਂਦਾ ਹੈ। ਜੱਟ ਸਭ ਤੋਂ ਸਖ਼ਤ ਜਾਨ ਇਨਸਾਨ ਮੰਨਿਆ ਜਾਂਦਾ ਹੈ। ਜੇ ਜੱਟ ਸਾਧ ਹੋ ਜਾਂਦਾ ਤਾਂ ਫਿਰ ਦੇਖਣ ਵਾਲੀ ਗੱਲ ਹੈ ਕਿ ਭਾਦੋਂ ਦੀ ਗਰਮੀ ਕਿਹੋ ਜਿਹੀ ਹੁੰਦੀ ਹੋਵੇਗੀ। ਦਰਅਸਲ ਹੁਣ ਸਾਡੀ ਜੀਵਨ ਸ਼ੈਲੀ ਬਦਲ ਚੁੱਕੀ ਹੈ। ਬਿਜਲੀ ਪੱਖੇ, ਕੂਲਰ, ਏਸੀ ਬਹੁਤ ਸਾਰੇ ਐਸ਼ੋ-ਇਸ਼ਰਤ ਦੇ ਸਾਧਨ ਹਾਸਲ ਹਨ। ਭਾਦੋਂ ਦੇ ਮਹੀਨੇ ਬਾਰੇ ਗੁਰੂ ਅਰਜਨ ਦੇਵ ਜੀ ਬਾਰਾ ਮਾਹ ਵਿੱਚ ਮਨੁੱਖ ਰੂਪੀ ਇਸਤਰੀ ਨੂੰ ਪ੍ਰਭੂ ਚਰਨਾਂ ਨਾਲ ਜੁੜੇ ਰਹਿਣ ਦੀ ਪ੍ਰੇਰਣਾ ਦਿੰਦੇ ਨੇ:

**ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥**
**ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥**
**ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥**
**ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥**
**ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥**
**ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥**
**ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥**
**ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥**
**ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ।।**

ਇਸ ਤਰ੍ਹਾਂ ਗੁਰੂ ਅਰਜਨ ਦੇਵ ਮਨੁੱਖੀ ਜਨਮ ਨੂੰ ਸਫਲ ਕਰਨ ਦੀ ਸਿੱਖਿਆ ਦਿੰਦੇ ਹਨ। ਇਸ ਤੋਂ ਇਲਾਵਾ ਹਿੰਦੂ ਧਰਮ ਅਨੁਸਾਰ ਇਸ ਮਹੀਨੇ ਕ੍ਰਿਸ਼ਨ ਭਗਵਾਨ ਦੀ ਪੂਜਾ ਹੁੰਦੀ ਹੈ ਤੇ ਜਨਮ ਅਸ਼ਟਮੀ ਮਨਾਈ ਜਾਂਦੀ ਹੈ। ਮੰਦਰਾਂ ਤੇ ਘਰਾਂ ਵਿੱਚ ਮਿੱਠੇ ਪਕਵਾਨ ਬਣਾਏ ਜਾਂਦੇ ਹਨ।

ਭਾਦੋਂ ਦੇ ਮਹੀਨੇ ਵਿਸ਼ੇਸ਼ ਤੌਰ 'ਤੇ ਗੁੱਗੇ ਦੀ ਪੂਜਾ ਹੁੰਦੀ ਹੈ। ਇੱਕ ਕਥਾ ਅਨੁਸਾਰ ਬੀਕਾਨੇਰ ਨੇੜੇ ਇੱਕ ਰਾਜੇ ਦੇ ਪੁੱਤਰ ਗੁੱਗਾ ਨੇ ਆਪਣੀ ਮੰਗ ਵਿਆਹੁਣ ਲਈ ਮਾਸੀ ਦੇ ਪੁੱਤਰ ਅਰਜਨ ਤੇ ਸੁਰਜਨ ਮਾਰ ਦਿੱਤੇ ਸਨ। ਇਸ ਮਗਰੋਂ ਉਸ ਦੀ ਮਾਂ ਵਿਯੋਗ ਵਿੱਚ ਚਲੇ ਜਾਂਦੀ ਹੈ। ਉਸ ਦੇ ਵਿਰਲਾਪ ਦੇਖ ਕੇ ਗੁੱਗਾ ਧਰਤੀ ਵਿੱਚ ਸਮਾ ਜਾਂਦਾ ਹੈ। ਉਹ ਨਾਗ ਦੇਵਤਾ ਦਾ ਪੁਜਾਰੀ ਸੀ। ਗੁੱਗੇ ਦੀ ਪੂਜਾ ਇੱਕ ਤਰ੍ਹਾਂ ਨਾਲ ਨਾਗ ਦੇਵਤਾ ਭਾਵ ਸੱਪਾਂ ਦੀ ਪੂਜਾ ਹੁੰਦੀ ਹੈ। ਗੁੱਗੇ ਦੀ ਪੂਜਾ ਦੌਰਾਨ ਸੇਵੀਆਂ ਬਣਦੀਆਂ ਹਨ। ਇਹ ਸੇਵੀਆਂ ਵੱਟਣ ਦੇ ਵੀ ਕਈ ਤਰੀਕੇ ਹਨ। ਆਮ ਤੌਰ 'ਤੇ ਲੋਕ ਮਸ਼ੀਨ ਨਾਲ ਸੇਵੀਆਂ ਵੱਟ ਲੈਂਦੇ ਨੇ ਪਰ ਮੱਥਾ ਟੇਕਣ ਲਈ ਇੱਕ ਕੋਰੀ ਚਾਟੀ ਮੂਧੀ ਮਾਰ ਕੇ ਉਸ 'ਤੇ ਆਟੇ ਦੀਆਂ ਸੇਵੀਆਂ ਵੱਟੀਆਂ ਜਾਂਦੀਆਂ ਹਨ। ਇੱਕ ਵਿਸ਼ੇਸ਼ ਦਿਨ ਜਿਵੇਂ ਕਿ ਨੌਵੀਂ ਅੱਠੇ ਆਦਿ ਨੂੰ ਪਿੰਡਾਂ ਵਿੱਚ ਮਾੜੀਆਂ 'ਤੇ ਮੱਥਾ ਟੇਕਿਆ ਜਾਂਦਾ ਹੈ ਤੇ ਮਿੱਟੀ ਕੱਢੀ ਜਾਂਦੀ ਹੈ। ਮਾੜੀਆਂ ਨੂੰ ਕਈ ਇਲਾਕਿਆਂ ਵਿੱਚ ਮੈੜੀ ਵੀ ਕਿਹਾ ਜਾਂਦਾ ਹੈ। ਇਨ੍ਹਾਂ ਮੇਲਿਆਂ 'ਤੇ ਹੀ ਕੁਸ਼ਤੀਆਂ ਜਾਂ ਘੋਲਾਂ ਦੇ ਅਖਾੜੇ ਲੱਗਦੇ ਨੇ। ਇੱਥੋਂ ਹੀ ਪੰਜਾਬ ਦੇ ਗਾਮੇ ਤੇ ਦਾਰੇ ਪੈਦਾ ਹੁੰਦੇ ਨੇ। ਪੰਜਾਬ ਦੇ ਪਿੰਡਾਂ ਵਿੱਚ ਮਾੜੀ 'ਤੇ ਭਾਦੋਂ ਦੇ ਮਹੀਨੇ ਵਿਸ਼ੇਸ਼ ਮੇਲੇ ਲੱਗਦੇ ਨੇ। ਇਸ ਤੋਂ ਪਹਿਲਾਂ ਗੁੱਗੇ ਦੇ ਭਗਤ ਪਿੰਡਾਂ ਵਿੱਚ ਵਿਸ਼ੇਸ਼ ਛੜੀ ਘੁਮਾ ਕੇ ਗੁੱਗੇ ਦੇ ਨਾਂ 'ਤੇ ਘਰੋ-ਘਰੀ ਮੰਗਦੇ ਨੇ।

ਅਸਲ ਵਿੱਚ ਧਰਤੀ ਗਿੱਲੀ ਹੋਣ ਕਾਰਨ ਸੱਪ ਬਾਹਰ ਆ ਜਾਂਦੇ ਨੇ ਤੇ ਉਨ੍ਹਾਂ ਦੀ ਦਹਿਸ਼ਤ ਤੇ ਖੌਫ ਤੋਂ ਬਚਣ ਲਈ ਇਹ ਇੱਕ ਤਰ੍ਹਾਂ ਨਾਲ ਲੋਕ ਮਾਨਸਿਕਤਾ ਦਾ ਪ੍ਰਗਟਾਵਾ ਹੈ ਪਰ ਵਿਗਿਆਨਕ ਦਲੀਲਾਂ ਅੱਗੇ ਇਸ ਤਰ੍ਹਾਂ ਦਾ ਕੋਈ ਆਧਾਰ ਨਜ਼ਰ ਨਹੀਂ ਆਉਂਦਾ। ਭਾਦੋਂ ਦੇ ਮਹੀਨੇ ਹੋਰ ਸੱਪ, ਠੂੰਹੇ, ਕੰਨ ਸਲਾਈਆਂ, ਘੁਮਾਰ, ਭੱਬੂ ਕੁੱਤੇ ਕਿਰਲੇ ਤੇ ਹੋਰ ਗੀਂਘਣ ਵਾਲੇ ਜੀਵ ਆਮ ਦਿਖਾਈ ਦਿੰਦੇ ਹਨ। ਇਸ ਰੁੱਤ ਨੂੰ ਕੱਚੀ ਰੁੱਤ ਵੀ ਕਹਿ ਲਿਆ ਜਾਂਦਾ ਹੈ। ਇਸ ਮਹੀਨੇ ਚਮੜੀ ਦੇ ਰੋਗ ਅਤੇ ਪੈਰਾਂ ਨੂੰ ਗੰਦਾ ਪਾਣੀ ਲੱਗਣ ਕਾਰਨ ਕਈ ਪ੍ਰਕਾਰ ਦੇ ਰੋਗ ਲੱਗਦੇ ਹਨ। ਕਈ ਵਾਰ ਪੇਟ ਦੇ ਰੋਗਾਂ ਤੇ ਅੰਤੜੀਆਂ ਦੀ ਮਾਰ ਵੀ ਪੈ ਜਾਂਦੀ ਹੈ।

ਪੰਜਾਬ ਵਿੱਚ 'ਡੌਰੂ ਵੱਜਿਆ ਬੱਦਲ ਭੱਜਿਆ' ਅਖਾਣ ਕਾਫੀ ਮਸ਼ਹੂਰ ਹੈ। ਇੱਕ ਤਰ੍ਹਾਂ ਨਾਲ ਭਾਦੋਂ ਦੇ ਮਹੀਨੇ ਮੀਂਹ ਥੋੜ੍ਹੇ ਢਿੱਲੇ ਪੈ ਜਾਂਦੇ ਨੇ ਪਰ ਮੌਸਮ ਦੇ ਮਿਜ਼ਾਜ ਨੂੰ ਕੋਈ ਨਹੀਂ ਸਮਝ ਸਕਿਆ। ਕਈ ਵਾਰ ਭਾਦੋਂ ਵਿੱਚ ਸਾਉਣ ਨਾਲੋਂ ਵੀ ਵੱਧ ਮੀਂਹ ਪੈ ਜਾਂਦੇ ਨੇ। ਆਮ ਤੌਰ 'ਤੇ ਭਾਦੋਂ ਵਿੱਚ ਮੀਂਹ ਬੰਨਾ ਛੱਡ ਜਾਂਦਾ ਹੈ। ਇਸ ਮਹੀਨੇ ਪੁਰਾਤਨ ਸਮਿਆਂ ਵਿੱਚ ਖੇਤਾਂ ਵਿੱਚ ਫਸਲਾਂ ਦੀ ਗੋਡੀ ਦਾ ਜ਼ੋਰ ਹੁੰਦਾ ਸੀ ਅਤੇ ਕਿਸਾਨ-ਮਜ਼ਦੂਰ ਮੁੜ੍ਹਕੋ ਮੁੜ੍ਹਕੀ ਹੋਏ ਰਹਿੰਦੇ। ਜੇ ਕਿਤੇ ਮੀਂਹ ਆ ਜਾਂਦਾ ਤਾਂ ਕੁੱਝ ਸਮੇਂ ਲਈ ਆਰਾਮ ਮਿਲ ਜਾਂਦਾ, ਨਹੀਂ ਤਾਂ ਇਸ ਮਹੀਨੇ ਹੱਥ 'ਚੋਂ ਖੁਰਪਾ ਨਹੀਂ ਛੁੱਟਦਾ ਸੀ।

ਗੁਰਬਾਣੀ ਦਾ ਕਥਨ ਹੈ:

ਬਲਿਹਾਰੀ ਕੁਦਰਤਿ ਵਸਿਆ ।। ਤੇਰਾ ਅੰਤੁ ਨਾ ਜਾਈ ਲਖਿਆ।। ਭਾਦੋਂ 'ਚ ਛਪਾਰ, ਜਰਗ ਦਾ ਮੇਲਾ ਅਤੇ ਹੋਰ ਮੇਲੇ ਆ ਜਾਂਦੇ ਨੇ। ਇਨ੍ਹਾਂ ਵਿੱਚ ਹੀ ਕੋਟ ਗੰਗੂ ਰਾਇ ਵਿੱਚ ਨਾਗ ਤੇ ਭਾਗ ਦੀ ਯਾਦ ਵਿੱਚ ਮੇਲਾ ਲੱਗਦਾ ਹੈ। ਇਨ੍ਹਾਂ ਮੇਲੇ ਜਾਂਦੀਆਂ ਤੀਵੀਆਂ ਇਸ ਤਰ੍ਹਾਂ ਗਾਉਂਦੀਆਂ ਨੇ: ਪੱਲੇ ਮੇਰੇ ਛੱਲੀਆਂ, ਮੈਂ ਗੁੱਗਾ ਮਨਾਵਣ ਚੱਲੀ ਆਂ। ਰੋਹੀ ਵਾਲਿਆ ਗੁੱਗਿਆ ਵੇ, ਭਰਿਆ ਕਟੋਰਾ ਦੁੱਧ ਦਾ, ਮੇਰਾ ਗੁੱਗਾ ਮਾੜੀ ਵਿੱਚ ਕੁੱਦਦਾ, ਨੀਂ ਮੈਂ ਵਾਰੀ ਗੁੱਗੇ ਤੋਂ। ਇਸ ਤੋਂ ਇਲਾਵਾ ਸਾਡੀਆਂ ਲੋਕ ਬੋਲੀਆਂ ਵਿੱਚ ਮੇਲਿਆਂ 'ਤੇ ਮੇਲੀਆਂ, ਬੇਲੀਆਂ ਤੇ ਵੈਲੀਆਂ ਵਾਲੇ ਰੰਗ ਵੀ ਦੇਖਣ ਨੂੰ ਮਿਲਦੇ ਨੇ;

ਆਰੀ ਆਰੀ ਆਰੀ,
ਮੇਲਾ ਤਾਂ ਛਪਾਰ ਲੱਗਦਾ, ਜਿਹੜਾ ਲੱਗਦਾ ਜਗਤ ਤੋਂ ਭਾਰੀ।
ਕੱਠ ਮੁਸ਼ਟੰਡਿਆਂ ਦਾ, ਉੱਥੇ ਬੋਤਲਾਂ ਮੰਗਾ'ਲੀਆਂ ਚਾਲ੍ਹੀ, ਤਿੰਨ ਸੇਰ ਸੋਨਾ ਚੁੱਕਿਆ, ਭਾਨ ਚੁੱਕ'ਲੀ ਹੱਟੀ ਦੀ ਸਾਰੀ

# ਗਲੈਮਰ ਦੀ ਦੁਨੀਆਂ ਵਿੱਚ ਉਮਰ ਦਾ ਵਧਣਾ ਗੁਨਾਹ ਹੈ!

### ਤੇਜ਼ ਰੋਸ਼ਨੀ, ਕੈਮਰਿਆਂ ਦੀ ਫਲੈਸ਼ ਅਤੇ ਸਟੇਜ 'ਤੇ ਮੌਜੂਦ ਇੱਕ ਖ਼ੂਬਸੂਰਤ ਹੋਸਟ ਜਿਹੜੀ ਆਪਣੀ ਆਵਾਜ਼ ਅਤੇ ਅਦਾਵਾਂ ਨਾਲ ਸਭ ਨੂੰ ਆਕਰਸ਼ਿਤ ਕਰ ਰਹੀ ਹੈ ਅਤੇ ਉਸਦੀ ਹਰ ਇੱਕ ਅਦਾ 'ਤੇ ਤਾੜੀਆਂ ਮਾਰਦੇ ਨੇ ਦਰਸ਼ਕ





FACEBOOK/AISHA GHANI

ਸ਼ਾਇਦ ਤੁਸੀਂ ਅੰਦਾਜ਼ਾ ਲਗਾ ਲਿਆ ਹੋਵੇਗਾ ਕਿ ਇਹ ਤਸਵੀਰ ਕਿਸੇ ਗਲੈਮਰ ਪ੍ਰੋਗਰਾਮ ਦੇ ਸਟੇਜ ਸ਼ੋਅ ਦੀ ਹੈ। ਇਸ ਸਟੇਜ ਸ਼ੋਅ ਦੀ ਚਮਕ ਤੋਂ ਵੱਖਰੀ ਦੁਨੀਆਂ ਸਟੇਜ ਤੋਂ ਪਿੱਛੇ ਦੀ ਵੀ ਹੁੰਦੀ ਹੈ। ਜਿੱਥੇ ਤੱਕ ਚਮਕਦਾਰ ਰੋਸ਼ਨੀ ਨਹੀਂ ਪਹੁੰਚਦੀ, ਕੈਮਰਿਆਂ ਦੀ ਫਲੈਸ਼ ਘੱਟ ਜਾਂਦੀ ਹੈ, ਦਰਸ਼ਕਾਂ ਦੀਆਂ ਤਾੜੀਆਂ ਵੀ ਹਵਾ ਹੋ ਜਾਂਦੀਆਂ ਹਨ। ਜਿਨ੍ਹਾਂ ਸੋਹਣੇ ਚਿਹਰਿਆਂ ਨਾਲ ਸਟੇਜ ਦੀ ਰੋਸ਼ਨੀ ਵਧਾਈ ਜਾਂਦੀ ਹੈ, ਉਨ੍ਹਾਂ 'ਤੇ ਉਮਰ ਦੇ ਇੱਕ ਪੜ੍ਹਾਅ ਤੱਕ ਪੁੱਜਣ ਤੋਂ ਬਾਅਦ ਇਸੇ ਸੋਹਣੇਪਣ ਨੂੰ ਬਰਕਰਾਰ ਰੱਖਣ ਦਾ ਦਬਾਅ ਪੈਣ ਲਗਦਾ ਹੈ। ਅਜਿਹੇ ਪਤਾ ਨਹੀਂ ਕਿੰਨੇ ਚਿਹਰੇ ਹਨ, ਜਿਹੜੇ ਕਦੇ ਘਰ-ਘਰ ਵਿੱਚ ਪਛਾਣੇ ਜਾਂਦੇ ਸਨ, ਸਮੇਂ ਦੇ ਨਾਲ ਉਹ ਫਿੱਕੇ ਪੈ ਗਏ। ਸਾਲ 2001 ਵਿੱਚ ਟੀਵੀ 'ਤੇ ਇੱਕ ਸੀਰੀਅਲ ਆਉਂਦਾ ਸੀ 'ਕੁਸੁਮ'। ਇਸ ਸੀਰੀਅਲ ਵਿੱਚ ਮੁੱਖ ਕਿਰਦਾਰ ਨਿਭਾਉਣ ਵਾਲੀ ਨੌਸ਼ੀਨ ਅਲੀ ਸਰਦਾਰ ਉਨ੍ਹਾਂ ਦਿਨਾਂ ਵਿੱਚ ਘਰ-ਘਰ 'ਚ ਕੁਸੁਮ ਨਾਲ ਪਛਾਣੀ ਜਾਂਦੀ ਸੀ। ਫਿਲਹਾਲ 34 ਸਾਲ ਦੀ ਹੋ ਚੁੱਕੀ ਨੌਸ਼ੀਨ ਇੰਸਟਾਗਰਾਮ 'ਤੇ ਆਪਣੀਆਂ ਫੋਟੋਆਂ ਪੋਸਟ ਕਰਦੀ ਰਹਿੰਦੀ ਹੈ। ਉਹ ਇੱਕ ਨਵੇਂ ਸੀਰੀਅਲ ' ਅਲਾਦੀਨ ' ਵਿੱਚ ਦਿਖਣ ਵਾਲੀ ਹੈ। ਕੁਝ ਦਿਨ ਪਹਿਲਾਂ ਉਨ੍ਹਾਂ ਨੇ ਇਸੇ ਸ਼ੋਅ ਨਾਲ ਜੁੜੀਆਂ ਕੁਝ ਤਸਵੀਰਾਂ ਇੰਸਟਗਰਾਮ 'ਤੇ ਅਪਲੋਡ ਕੀਤੀਆਂ ਜਿਸ ਤੋਂ ਬਾਅਦ ਕੁਝ ਲੋਕ ਉਨ੍ਹਾਂ ਨੂੰ ਟਰੋਲ ਕਰਨ ਲੱਗੇ। ਟਰੋਲ ਕਰਨ ਵਾਲੇ ਲੋਕਾਂ ਨੇ ਨੌਸ਼ੀਨ ਦੀ ਉਮਰ ਅਤੇ ਤਸਵੀਰਾਂ 'ਤੇ ਫਿਲਟਰ ਦੀ ਵਰਤੋਂ ਦੀ ਗੱਲ ਕਹਿ ਕੇ ਮਜ਼ਾਕ ਉਡਾਇਆ। ਸੋਸ਼ਲ ਮੀਡੀਆ 'ਤੇ ਹੋਈ ਟ੍ਰੋਲਿੰਗ ਦੇ ਜਵਾਬ ਵਿੱਚ ਨੌਸ਼ੀਨ ਨੇ ਬੀਬੀਸੀ ਨੂੰ ਕਿਹਾ ਕਿ ਜਿਸ ਸਮੇਂ ਉਹ ਕੁਸੁਮ ਸੀਰੀਅਲ ਕਰ ਰਹੀ ਸੀ ਉਸ ਸਮੇਂ ਉਨ੍ਹਾਂ ਦੀ ਉਮਰ 17-18 ਸਾਲ ਸੀ, ਜਦਕਿ ਉਹ ਇੱਕ 29-30 ਸਾਲ ਦੀ ਔਰਤ ਦੀ ਭੂਮਿਕਾ ਨਿਭਾ ਰਹੀ ਸੀ। ਲੋਕਾਂ ਨੂੰ ਲੱਗਦਾ ਹੈ ਕਿ ਹੁਣ ਤੱਕ ਤਾਂ ਮੈਂ 40-50 ਸਾਲ ਦੀ ਹੋ ਗਈ ਹੋਵਾਂਗੀ। ਜਦਕਿ ਅਜਿਹਾ ਨਹੀਂ ਹੈ। ਗਲੈਮਰ ਦੀ ਦੁਨੀਆਂ ਵਿੱਚ ਔਰਤਾਂ ਦੀ ਉਮਰ ਕਿੰਨੀ ਮਾਅਨੇ ਰੱਖਦੀ ਹੈ, ਉਸ 'ਤੇ ਨੌਸ਼ੀਨ ਜਵਾਬ ਦਿੰਦੀ ਹੈ ਕਿ ਬਾਲੀਵੁੱਡ ਦੀ ਦੁਨੀਆਂ ਜਿੱਥੇ ਮਰਦ ਪ੍ਰਧਾਨ ਹੈ ਤਾਂ ਉੱਥੇ ਹੀ ਟੀਵੀ ਦੀ ਦੁਨੀਆਂ ਵਿੱਚ ਜ਼ਿਆਦਾਤਰ ਰੋਲ ਔਰਤਾਂ ਅਦਾ ਕਰਦੀਆਂ ਹਨ। ਉਹ ਆਪਣੀ ਗੱਲ ਨੂੰ ਡਿਟੇਲ ਵਿੱਚ ਸਮਝਾਉਂਦੇ ਹੋਏ ਕਹਿੰਦੀ ਹੈ,''ਟੀਵੀ ਦੀ ਦੁਨੀਆਂ ਵਿੱਚ ਭਾਵੇਂ ਤੁਸੀਂ 21 ਸਾਲ ਦੇ ਹੋ ਜਾਂ ਫਿਰ 41 ਸਾਲ ਦੇ, ਤੁਹਾਨੂੰ ਮਾਂ ਦਾ ਰੋਲ ਮਿਲ ਸਕਦਾ ਹੈ। ਜਿੱਥੋਂ ਤੱਕ ਅਦਾਕਾਰਾਂ ਦੇ ਲੀਡ ਰੋਲ ਤੋਂ ਹਟਣ ਦੀ ਗੱਲ ਹੈ ਤਾਂ ਉਨ੍ਹਾਂ ਨੂੰ ਪਰਿਵਾਰ ਦੀਆਂ ਜ਼ਿੰਮੇਦਾਰੀਆਂ ਕਾਰਨ ਬਰੇਕ ਲੈਣੀ ਪੈਂਦੀ ਹੈ।

## ਉਮਰ ਘਟਾਉਣ ਦੀ ਜੱਦੋਜਹਿਦ

ਖ਼ੂਬਸੂਰਤੀ ਉਂਜ ਤਾਂ ਉਮਰ ਦੀ ਮੁਹਤਾਜ਼ ਨਹੀਂ ਹੁੰਦੀ, ਪਰ ਜਿੱਥੇ ਗੱਲ ਕਰੀਅਰ ਅਤੇ ਕੰਮ ਦੀ ਆ ਜਾਂਦੀ ਹੈ ਤਾਂ ਉੱਥੇ ਉਮਰ ਬਹੁਤ ਹੱਦ ਤੱਕ ਮਹੱਤਵਪੂਰਨ ਹੋ ਜਾਂਦੀ ਹੈ। ਸਾਲ-ਦਰ-ਸਾਲ ਵਧਦੀ ਉਮਰ ਨੂੰ ਕਿਵੇਂ ਘੱਟ ਕੀਤਾ ਜਾਵੇ, ਜਾਂ ਕਹੀਏ ਕਿ ਉਸ ਨੂੰ ਕਿਵੇਂ ਲੁਕਾਇਆ ਜਾਵੇ।ਹਾਲ ਹੀ ਵਿੱਚ ਅਦਾਕਾਰ ਸ਼ਾਹਿਦ ਕਪੂਰ ਦੀ ਪਤਨੀ ਮੀਰਾ ਰਾਜਪੂਤ ਦੀ ਅਜਿਹੀ ਹੀ ਇੱਕ ਮਸ਼ਹੂਰੀ ਸੁਰਖ਼ੀਆਂ ਵਿੱਚ ਆਈ। ਐਂਟੀ ਏਜਿੰਗ ਕਰੀਮ ਦੀ ਇਸ ਮਸ਼ਹੂਰੀ ਵਿੱਚ ਮੀਰਾ ਦੱਸਦੀ ਹੈ ਕਿ ਮਾਂ ਬਣਨ ਤੋਂ ਬਾਅਦ ਉਨ੍ਹਾਂ ਦੀ ਸਕਿੱਨ 'ਤੇ ਉਮਰ ਦਾ ਅਸਰ ਵਿਖਣ ਲੱਗਾ ਜਿਨ੍ਹਾਂ ਨੂੰ ਉਨ੍ਹਾਂ ਨੇ ਇਸ ਖ਼ਾਸ ਕਰੀਮ ਦੀ ਮਦਦ ਨਾਲ ਦੂਰ ਕੀਤਾ। ਮੀਰਾ ਦੀ ਇਸ ਮਸ਼ਹੂਰੀ ਨੂੰ ਸੋਸ਼ਲ ਮੀਡੀਆ 'ਤੇ ਕਾਫ਼ੀ ਨਿਖੇਧੀ ਦਾ ਸਾਹਮਣਾ ਕਰਨਾ ਪਿਆ। ਕਈ ਸੋਸ਼ਲ ਮੀਡੀਆ ਯੂਜ਼ਰਜ਼ ਨੇ ਲਿਖਿਆ ਕਿ ਸਿਰਫ਼ 23 ਸਾਲ ਦੀ ਮੀਰਾ ਐਂਟੀ ਏਜਿੰਗ ਕਰੀਮ ਦੀ ਮਸ਼ਹੂਰੀ ਕਿਉਂ ਕਰ ਰਹੀ ਹੈ। ਦੱਖਣੀ ਭਾਰਤ ਦੀ ਅਦਾਕਾਰਾ ਅਮਲਾ ਨੇ ਪਿਛਲੇ ਸਾਲ ਟੀਵੀ ਦੀ ਦੁਨੀਆਂ ਵਿੱਚ ਔਰਤਾਂ ਦੀ ਉਮਰ ਨੂੰ ਲੈ ਕੇ ਹੋਣ ਵਾਲੀ ਬਹਿਸ 'ਤੇ ਬੀਬੀਸੀ ਨੂੰ ਕਿਹਾ ਸੀ, ''ਇਹ ਇੱਕ ਤਰ੍ਹਾਂ ਦੀ ਮਾਨਸਿਕਤਾ ਹੈ ਕਿ ਔਰਤਾਂ ਨੂੰ ਬੁੱਢਾ ਨਹੀਂ ਹੋਣਾ ਚਾਹੀਦਾ, ਦੁਨੀਆਂ ਦੇ ਕਿਸੇ ਵੀ ਪ੍ਰਾਣੀ ਨੂੰ ਦੇਖ ਲਵੋ, ਸਾਰੇ ਆਪਣੀ ਜਵਾਨੀ ਦੇ ਦਿਨਾਂ ਵਿੱਚ ਹੀ ਖ਼ੂਬਸੂਰਤ ਲੱਗਦੇ ਹਨ।''



## ਨਵੇਂ ਚਿਹਰਿਆਂ ਨਾਲ ਚੁਣੌਤੀਆਂ

ਗਲੈਮਰ ਦੀ ਦੁਨੀਆਂ ਵਿੱਚ ਇੱਕ ਵੱਡੀ ਚੁਣੌਤੀ ਹਰ ਰੋਜ਼ ਨਵੀਆਂ ਕੁੜੀਆਂ ਅਤੇ ਟੈਲੇਂਟ ਦੀ ਐਂਟਰੀ ਦੀ ਵੀ ਹੈ। ਇਵੈਂਟ ਸ਼ੋਅ ਹੋਸਟ ਕਰ ਚੁੱਕੀ ਕ੍ਰਿਸ਼ਨਾ ਦੱਸਦ ਹੈ, ''ਉਮਰ ਵਧਣ ਦੇ ਨਾਲ-ਨਾਲ ਕਈ ਨਵੀਆਂ ਕੁੜੀਆਂ ਵੀ ਚੁਣੌਤੀ ਪੇਸ਼ ਕਰਦੀਆਂ ਰਹਿੰਦੀਆਂ ਹਨ। ਇਵੈਂਟ ਮੈਨੇਜਰ ਚਾਹੁੰਦੇ ਹਨ ਕਿ ਨਵੇਂ ਚਿਹਰੇ ਸ਼ੋਅ ਵਿੱਚ ਸ਼ਾਮਲ ਹੋਣ। ਹਾਲਾਂਕਿ ਤਜ਼ਰਬਾ ਵੀ ਕਾਫ਼ੀ ਹੱਦ ਤੱਕ ਮਾਅਨੇ ਰੱਖਦਾ ਹੈ। ਪਰ ਇਹ ਗਲੈਮਰ ਦੀ ਦੁਨੀਆਂ ਹੈ ਇੱਥੇ ਜਵਾਨ ਦਿਖਣਾ ਹੀ ਪਹਿਲੀ ਸ਼ਰਤ ਹੈ।'' ਦੇਹਰਾਦੂਨ ਦੀ ਰਹਿਣ ਵਾਲੀ ਆਇਸ਼ਾ ਘਾਨੀ, ਪਿਛਲੇ 5 ਸਾਲ ਤੋਂ ਦੇਸ-ਵਿਦੇਸ਼ ਵਿੱਚ ਮਾਡਲਿੰਗ ਅਤੇ ਇਵੈਂਟ ਸ਼ੋਅ ਹੋਸਟ ਕਰ ਰਹੀ ਹੈ। ਉਹ ਕਹਿੰਦੀ ਹੈ ਕਿ ਫਿਲਹਾਲ ਉਨ੍ਹਾਂ ਦੇ ਹੱਥ ਵਿੱਚ ਬਹੁਤ ਸਾਰੇ ਪ੍ਰਾਜੈਕਟ ਹਨ, ਉਹ ਐਨੀ ਰੁੱਝੀ ਰਹਿੰਦੀ ਹੈ ਕਿ ਕਈ ਵਾਰ ਆਪਣੀ ਕਰੀਬੀ ਦੋਸਤਾਂ ਜਾਂ ਰਿਸ਼ਤੇਦਾਰਾਂ ਵਾਲ ਇੱਕ ਪਲ ਵੀ ਗੱਲ ਕਰਨ ਦਾ ਸਮਾਂ ਨਹੀਂ ਹੁੰਦਾ। ਆਪਣੀ ਚੁਣੌਤੀਆਂ ਬਾਰੇ 25 ਸਾਲਾ ਆਇਸ਼ਾ ਕਹਿੰਦੀ ਹੈ, ''ਹਮੇਸ਼ਾ ਪ੍ਰਿਜ਼ੈਂਟੇਬਲ ਦਿਖਣ ਦਾ ਦਬਾਅ ਬਣਿਆ ਰਹਿੰਦਾ ਹੈ। ਭਾਵੇਂ ਹਾਲਾਤ ਕਿਹੋ ਜਿਹੇ ਵੀ ਹੋਣ, ਚਿਹਰੇ 'ਤੇ ਖੁਸ਼ੀ ਬਰਕਰਾਰ ਰੱਖਣੀ ਚਾਹੀਦੀ ਹੈ। ਸਭ ਤੋਂ ਵੱਡਾ ਡਰ ਰਹਿੰਦਾ ਹੈ ਉਮਰ ਦਾ ਵਧਣ। ਮੈਨੂੰ ਪਤਾ ਹੈ ਕਿ ਅਗਲੇ 4-5 ਸਾਲਾਂ ਵਿੱਚ ਮੈਂ ਵੀ ਵਿਆਹ ਕਰਵਾਉਣਾ, ਸ਼ਾਇਦ ਇਹ ਗਲੈਮਰ ਦੀ ਦੁਨੀਆਂ ਉੱਥੇ ਹੀ ਖ਼ਤਮ ਹੋ ਜਾਵੇ।'' ਔਰਤਾਂ ਲਈ ਗਲੈਮਰ ਦੀ ਦੁਨੀਆਂ ਜਿੰਨੀ ਜਲਦੀ ਸ਼ੋਹਰਤ ਲਿਆਉਂਦੀ ਹੈ, ਓਨੀ ਹੀ ਜਲਦੀ ਉਹ ਉਨ੍ਹਾਂ ਨੂੰ ਇੱਕ ਅਜੀਬ ਜਿਹੇ ਇਕੱਲੇਪਣ ਵਿੱਚ ਵੀ

# ਵੱਡੇ ਤੇਲ ਭੰਡਾਰ ਵਾਲੇ 'ਅਮੀਰ' ਵੈਨੇਜ਼ੁਏਲਾ ਦੇ ਲੋਕ ਦੇਸ਼ ਤੋਂ ਕਿਉਂ ਭੱਜ ਰਹੇ ਨੇ



AFP

ਵੈਨੇਜ਼ੁਏਲਾ ਤੋਂ ਆਏ ਪ੍ਰਵਾਸੀਆਂ ਦੇ ਕੈਂਪਾਂ 'ਤੇ ਹਮਲਿਆਂ ਤੋਂ ਬਾਅਦ ਬ੍ਰਾਜ਼ੀਲ ਨੇ ਆਪਣੇ ਵੈਨੇਜ਼ੁਏਲਾ ਨਾਲ ਲੱਗਦੇ ਸ਼ਹਿਰ ਪੈਕੇਰੇਮਾ ਵੱਲ ਫੌਜੀ ਅਤੇ ਹੋਰ ਪੁਲਿਸ ਭੇਜਣ ਦਾ ਫੈਸਲਾ ਲਿਆ ਹੈ। ਵੈਨੇਜ਼ੁਏਲਾ ਦੇ ਨਾਗਰਿਕ ਦੇਸ ਛੱਡ ਕੇ ਭੱਜ ਰਹੇ ਹਨ ਕਿਉਂਕਿ ਉੱਥੇ ਮਹਿੰਗਾਈ ਦੀ ਦਰ ਦੁਨੀਆਂ ਵਿਚ ਸਭ ਤੋਂ ਵੱਧ ਹੋ ਚੁੱਕੀ ਹੈ ਅਤੇ ਖਾਣੇ ਤੇ ਦਵਾਈਆਂ ਦੀ ਘਾਟ ਅਸਮਾਨ ਛੂਹ ਰਹੀ ਹੈ। ਇਸ ਦੇ ਪਿੱਛੇ ਸਿਆਸੀ ਅਤੇ ਆਰਥਿਕ ਦੋਵੇਂ ਕਾਰਨ ਹਨ। ਕੀ ਹੈ ਸੰਕਟ ਵੈਨੇਜ਼ੁਏਲਾ ਦੁਨੀਆਂ ਦੇ ਸਭ ਤੋਂ ਵੱਡੇ ਤੇਲ ਭੰਡਾਰ ਦਾ ਮਾਲਕ ਹੈ ਪਰ ਇਸ ਦੀ ਸਭ ਤੋਂ ਵੱਡੀ ਸਮੱਸਿਆ ਵੀ ਸ਼ਾਇਦ ਇਹੀ ਹੈ। ਇਸ ਦੇਸ ਦੀ 95 ਫ਼ੀਸਦ ਆਮਦਨ ਤੇਲ ਦੇ ਨਿਰਯਾਤ ਤੋਂ ਹੈ। ਪਰ 2014 ਤੋਂ ਬਾਅਦ ਕੱਚੇ ਤੇਲ ਦੀ ਕੌਮਾਂਤਰੀ ਬਾਜ਼ਾਰ ਵਿਚ ਡਿੱਗਦੀ ਕੀਮਤ ਨੇ ਇਸ ਦੀ ਅਰਥ ਵਿਵਸਥਾ ਨੂੰ ਗਹਿਰੀ ਸੱਟ ਲਈ ਹੈ। ਇਸ ਗਿਰਾਵਟ ਕਰਕੇ ਇੱਥੇ ਦੀ ਸਮਾਜਵਾਦੀ ਸਰਕਾਰ ਨੂੰ ਕਈ ਸਰਕਾਰੀ ਸਕੀਮਾਂ ਦੀ ਫੰਡਿੰਗ ਵੀ ਬਹੁਤ ਘਟਾਉਣੀ ਪਈ। ਇਸ ਨਾਲ ਗਰੀਬ ਜਨਤਾ ਦੇ ਹਾਲਾਤ ਹੋਰ ਬਦਤਰ ਹੋ ਗ ਵੈਨੇਜ਼ੁਏਲਾ ਦੇ ਸਾਬਕਾ ਰਾਸ਼ਟਰਪਤੀ ਹਿਊਗੋ ਚਾਵੇਜ਼ ਦੀਆਂ ਕਈ ਨੀਤੀਆਂ ਵੀ ਇਸਦਾ ਕਾਰਣ ਬਣੀਆਂ ਹਨ। ਉਦਾਹਰਣ ਵਜੋਂ, ਸਰਕਾਰ ਨੇ ਆਮ ਵਰਤੋਂ ਦੀਆਂ ਚੀਜ਼ਾਂ, ਜਿਵੇਂ ਕਿ ਆਟਾ, ਖਾਣਾ ਬਣਾਉਣ ਦਾ ਤੇਲ ਅਤੇ ਸਾਬਣ, ਦੀਆਂ ਕੀਮਤਾਂ ਘੱਟ ਰੱਖਣ ਦਾ ਕਾਨੂੰਨ ਬਣਾਇਆ ਹੋਇਆ ਹੈ। ਇਸ ਕਰਕੇ ਪ੍ਰਾਈਵੇਟ ਕੰਪਨੀਆਂ ਨੇ ਇਨ੍ਹਾਂ ਦੇ ਨਿਰਮਾਣ ਵਿਚੋਂ ਹੱਥ ਖਿੱਚ ਲਿਆ ਹੈ ਤੇ ਸਰਕਾਰ ਕੋਲ ਹੁਣ ਐਨੀਂ ਆਮਦਨ ਨਹੀਂ ਹੈ ਕਿ ਉਹ ਇਨ੍ਹਾਂ ਚੀਜ਼ਾਂ ਨੂੰ ਬਣਾਉਂਦੀ ਰਹੇ। ਤੇਲ ਦੀਆਂ ਘੱਟ ਕੀਮਤਾਂ ਦਾ ਇਹ ਵੀ ਮਤਲਬ ਹੈ ਕਿ ਸਰਕਾਰ ਕੋਲ ਐਨੀਂ ਵਿਦੇਸ਼ੀ ਮੁਦਰਾ ਨਹੀਂ ਹੈ ਕਿ ਉਹ ਬਾਹਰੋਂ ਭੋਜਨ ਪਦਾਰਥ ਮੰਗਾ ਸਕੇ। ਇੰਟਰਨੈਸ਼ਨਲ ਮੋਨੇਟਰੀ ਫੰਡ ਦੇ ਮੁਤਾਬਕ ਵੈਨੇਜ਼ੁਏਲਾ 'ਚ ਮਹਿੰਗਾਈ ਦੀ ਦਰ ਇਸ ਸਾਲ 10 ਲੱਖ ਫ਼ੀਸਦ ਤਕ ਪਹੁੰਚ ਸਕਦੀ ਹੈ।

## ਕੀ ਹੈ ਸੰਕਟ ਦੀ ਜੜ੍ਹ

ਵੈਨੇਜ਼ੁਏਲਾ ਦੇ ਅੰਦਰ ਸਬਸਿਡੀ ਨਾਲ ਤੇਲ ਦੀ ਕੀਮਤ ਬਹੁਤ ਘੱਟ ਰੱਖੀ ਗਈ ਹੈ ਜਿਸਦੇ ਸਿਆਸੀ ਕਾਰਨ ਹਨ। ਇੱਥੋਂ ਤੇਲ ਦੀ ਵੱਡੀ ਮਾਤਰਾ 'ਚ ਤਸਕਰੀ ਵੀ ਇਸੇ ਕਰਕੇ ਹੁੰਦੀ ਹੈ। ਰਾਸ਼ਟਰਪਤੀ ਨਿਕੋਲਸ ਮਦੂਰੋ ਨੇ ਪਿਛਲੇ ਹਫਤੇ ਐਲਾਨ ਕੀਤਾ ਕਿ ਤਸਕਰੀ ਰੋਕਣ ਲਈ ਤੇਲ ਹੁਣ ਕੌਮਾਂਤਰੀ ਕੀਮਤ 'ਤੇ ਮਿਲੇਗਾ ਤੇ ਸਬਸਿਡੀਆਂ ਹਰੇਕ ਨੂੰ ਨਹੀਂ ਮਿਲਣਗੀਆਂ। ਵੈਨੇਜ਼ੁਏਲਾ ਵਿਚ ਪੈਟਰੋਲ ਦੇ ਇੱਕ ਲੀਟਰ ਦੀ ਕੀਮਤ ਸਿਰਫ ਇੱਕ ਬੋਲਿਵਰ ਹੈ। ਕਾਲੇ ਬਾਜ਼ਾਰ 'ਚ ਚਾਰ ਬੋਲਿਵਰ ਦਾ ਇੱਕ ਅਮਰੀਕੀ ਡਾਲਰ ਮਿਲਦਾ ਹੈ, ਜਿਸਦਾ ਮਤਲਬ ਹੈ ਕਿ ਇੱਕ ਅਮਰੀਕੀ ਡਾਲਰ (ਕਰੀਬ 70 ਭਾਰਤੀ ਰੁਪਏ) 'ਚ 720 ਗੱਡੀਆਂ ਦੇ ਪੈਟਰੋਲ ਟੈਂਕ ਭਰੇ ਜਾ ਸਕਦੇ ਹਨ। ਪਰ ਰਾਸ਼ਟਰਪਤੀ ਮਦੂਰੋ ਦੇ ਹਾਲੀਆ ਐਲਾਨਾਂ ਤੋਂ ਬਾਅਦ ਹੋਰ ਮੁਸ਼ਕਲਾਂ ਤੋਂ ਡਰਦਿਆਂ ਲੋਕਾਂ ਨੇ ਭਾਰੀ ਗਿਣਤੀ ਵਿਚ ਗੁਆਂਢੀ ਮੁਲਕਾਂ ਦਾ ਰੁਖ ਕਰ ਲਿਆ ਹੈ।

## ਲੋਕ ਹਨ ਖਤਰੇ 'ਚ

☛ਵੈਨੇਜ਼ੁਏਲਾ ਨੇ ਗੁਆਂਢੀ ਦੇਸਾਂ ਨੂੰ ਕਿਹਾ ਹੈ ਕਿ ਉਹ ਇਸਦੇ ਨਾਗਰਿਕਾਂ ਦੀ ਸੁਰੱਖਿਆ ਦੀ ਗਾਰੰਟੀ ਦੇਵੇ।
☛ਬ੍ਰਾਜ਼ੀਲ ਵਿਚ ਸਥਾਨਕ ਲੋਕ ਸ਼ਰਨਾਰਥੀਆਂ ਦੀ ਵੱਧਦੀ ਗਿਣਤੀ ਤੋਂ ਨਾਰਾਜ਼ ਤੇ ਡਰੇ ਰਹੇ ਹਨ।
☛ਵੈਨੇਜ਼ੁਏਲਾ ਦੇ ਹਤਾਸ਼ ਨਾਗਰਿਕ ਇਕਵਾਡੋਰ ਦੇ ਸਖ਼ਤ ਕਾਨੂੰਨਾਂ ਦੇ ਬਾਵਜੂਦ ਉਸ ਦਾ ਬਾਰਡਰ ਪਾਰ ਕਰ ਰਹੇ ਹਨ।
☛ਜ਼ਿਆਦਾਤਰ ਪ੍ਰਵਾਸੀਆਂ ਦਾ ਰੁਖ ਪੇਰੂ ਅਤੇ ਚਿਲੀ ਵਿਚ ਆਪਣੇ ਪਰਿਵਾਰਾਂ ਵੱਲ ਹੈ।



# ਬੋਤਲ ਵਿਚਲਾ ਬੰਦ ਸੱਚ ਕੀ ਹੈ ?

ਸ਼ਰਾਬ ਪੀਣ ਦੀ ਮਨਾਹੀ ਜਿਤਨੀ ਸਿੱਖ ਧਰਮ ਵਿਚ ਕੀਤੀ ਹੋਈ ਹੈ ਸ਼ਾਇਦ ਹੀ ਕਿਸੇ ਹੋਰ ਧਰਮ ਵਿਚ ਹੋਵੇ। ਪਰ ਸਚਾਈ ਤਾਂ ਇਹ ਵੀ ਹੈ ਕਿ ਸ਼ਾਇਦ ਸਭ ਤੋਂ ਜ਼ਿਆਦਾ ਸ਼ਰਾਬ ਪੀਣ ਵਾਲੇ ਸਿੱਖ ਧਰਮ ਨਾਲ ਹੀ ਸਬੰਧਿਤ ਹੋਣ। ਪਿਛਲੇ ਕਈ ਸਾਲਾਂ ਤੋਂ ਮੀਡੀਏ ਵਿਚ ਛਪੀਆਂ ਰੀਪੋਰਟਾਂ ਅਨੁਸਾਰ ਪੰਜਾਬ ਵਿਚ ਪ੍ਰਤੀ ਜੀਅ ਸ਼ਰਾਬ ਦੀ ਖਪਤ ਸਭ ਤੋਂ ਜ਼ਿਆਦਾ ਹੈ। ਸਿੱਖ ਤਾਂ ਤਕਰੀਬਨ ਹੁਣ ਸਾਰੀ ਦੁਨੀਆ ਵਿਚ ਹੀ ਵਸੇ ਹੋਏ ਹਨ ਅਤੇ ਸ਼ਰਾਬ ਦੀਆਂ ਪਾਰਟੀਆਂ ਵੀ ਸਾਰੇ ਹੀ ਚੱਲਦੀਆਂ ਹਨ। ਵਿਆਹ ਦੀ ਰਸਮ ਤੋਂ ਬਾਅਦ ਜਿਤਨੀ ਖੁਸ਼ੀ ਆਮ ਲੋਕਾਈ ਨੂੰ ਹਾਲ ਵਿਚ ਸ਼ਰਾਬ ਦੀ ਪਾਰਟੀ ਸਮੇਂ ਭੂਤ ਚੁੜੇਲਾਂ ਬਣ ਕੇ ਹੁੰਦੀ ਹੈ ਸ਼ਾਇਦ ਹੀ ਹੋਰ ਕਿਸੇ ਸਮੇਂ ਹੁੰਦੀ ਹੋਵੇ।

ਸ਼ਰਾਬ ਪੀ ਕੇ ਗੱਡੀ ਚਲਾਉਣ ਦੇ ਸਖ਼ਤ ਕਾਨੂੰਨ ਤਾਂ ਸਾਰੀ ਦੁਨੀਆ ਵਿਚ ਹੀ ਹਨ ਪਰ ਸਚਾਈ ਤਾਂ ਇਹ ਵੀ ਹੈ ਕਿ ਸਖ਼ਤੀ ਹੋਣ ਦੇ ਬਾਵਜੂਦ ਵੀ ਸ਼ਰਾਬ ਦੇ ਸ਼ੌਕੀਨ ਸ਼ਰਾਬ ਪੀ ਕੇ ਗੱਡੀ ਚਲਾਉਣੋਂ ਨਹੀਂ ਟਲਦੇ। ਆਮ ਲੋਕਾਂ ਦਾ ਤਾਂ ਕਹਿਣਾ ਹੀ ਕੀ ਹੈ ਕਈ ਵੱਡੇ ਅਹੁਦਿਆਂ ਤੇ ਬਿਰਾਜਮਾਨ ਲੋਕ ਵੀ ਇਹ ਗਲਤੀ ਕਰ ਬੈਠਦੇ ਹਨ ਅਤੇ ਜਦੋਂ ਕਿਤੇ ਪੁਲੀਸ ਦੇ ਸ਼ਿਕੰਜੇ ਵਿਚ ਫਸ ਜਾਣ ਫਿਰ ਤਾਂ ਉਹੀ ਜਾਣਨ ਕਿ ਉਨ੍ਹਾਂ ਨਾਲ ਕੀ ਬੀਤਦੀ ਹੈ। ਕੁੱਝ ਸਮਾਂ ਪਹਿਲਾਂ ਸਾਡੇ ਇਥੇ ਕਨੇਡਾ ਦੇ (ਬੀਥ ਸੀਥ) ਸੂਬੇ ਦਾ ਪ੍ਰੀਮੀਅਰ ਅਮਰੀਕਾ ਦੇ ਇਕ ਟਾਪੂ ਵਿਚ ਛੁੱਟੀਆਂ ਕੱਟਣ ਗਿਆ ਹੋਇਆ ਸ਼ਰਾਬ ਵਿਚ ਧੁੱਤ ਹੋ ਕਿ ਗੱਡੀ ਚਲਾਉਂਦਾ ਪੁਲੀਸ ਦੇ ਅੜਿੱਕੇ ਜੜ੍ਹ ਗਿਆ, ਬਸ ਫਿਰ ਕੀ ਸੀ, ਮੀਡੀਏ ਨੇ ਖੂਬ ਦਫ਼ਾ ਪੁੱਟੀ ਅਤੇ ਹੁਣ ਵੀ ਕਿਤੇ ਕਿਤੇ ਉਸ ਦੀ ਉਹ ਫੋਟੋ ਟੈਲੀਵੀਜ਼ਨ ਤੇ ਵਿਖਾ ਦਿੰਦੇ ਹਨ ਜਿਹੜੀ ਕਿ ਉਸ ਦੀ ਸ਼ਰਾਬੀ ਹੋਏ ਦੀ ਉਸ ਸਮੇਂ ਪੁਲੀਸ ਸਟੇਸ਼ਨ ਲਿਜਾ ਕੇ ਗਲੇ ਵਿਚ ਤਖ਼ਤੀ ਪਾ ਕੇ ਖਿੱਚੀ ਸੀ। ਕੁੱਝ ਹਫਤੇ ਪਹਿਲਾਂ ਸਪਰੀਮ ਕੋਰਟ ਦੀ ਇੱਕ ਜੱਜ ਸ਼ਰਾਬ ਦੀ ਸ਼ੌਕੀਨ ਬੀਬੀ ਵੀ ਸ਼ਰਾਬ ਪੀ ਕੇ ਕਾਰ ਚਲਾਉਂਦੀ ਪਕੜੀ ਗਈ ਅਤੇ ਮੀਡੀਏ ਵਿਚ ਚਰਚਾ ਹੋਣ ਤੇ ਅਸਤੀਫ਼ਾ ਦੇ ਗਈ। ਇਸ ਤਰ੍ਹਾਂ ਦੀਆਂ ਅਨੇਕਾਂ ਮਿਸਾਲਾਂ ਸਾਰੀ ਦੁਨੀਆ ਵਿਚੋਂ ਮਿਲ ਸਕਦੀਆਂ ਹਨ।

ਸ਼ਰਾਬ ਅਤੇ ਇਸ ਨਾਲ ਸਬੰਧਿਤ ਕਹਾਣੀਆਂ ਸਦੀਆਂ ਤੋਂ ਪੜ੍ਹਨ ਸੁਣਨ ਨੂੰ ਮਿਲ ਰਹੀਆਂ ਹਨ। ਇਕ ਮਿਥਿਹਾਸਕ ਕਹਾਣੀ ਅਨੁਸਾਰ ਜਦੋਂ ਦੇਵਤਿਆਂ ਅਤੇ ਰਾਖਸ਼ਾਂ ਨੇ ਰਲ ਕੇ ਸਮੁੰਦਰ ਰਿੜਕਿਆ ਤਾਂ ਉਸ ਵਿਚੋਂ ਚੌਦਾਂ ਰਤਨ ਨਿਕਲੇ, ਜਿਨ੍ਹਾਂ ਵਿਚੋਂ ਸ਼ਰਾਬ ਵੀ ਇਕ ਸੀ ਜੋ ਕਿ ਰਾਖਸ਼ਾਂ ਦੇ ਹਿੱਸੇ ਆਈ। ਸ਼ਰਾਬ ਨੂੰ ਸ਼ਰਾਰਤ ਦਾ ਪਾਣੀ ਵੀ ਕਿਹਾ ਜਾਂਦਾ ਹੈ। ਕਹਿੰਦੇ ਹਨ ਕਿ ਪਹਿਲਾਂ ਬੰਦਾ ਸ਼ਰਾਬ ਨੂੰ ਪੀਂਦਾ ਹੈ ਫਿਰ ਸ਼ਰਾਬ, ਸ਼ਰਾਬ ਨੂੰ ਪੀਂਦੀ ਹੈ ਅਤੇ ਫਿਰ ਸ਼ਰਾਬ ਬੰਦੇ ਨੂੰ ਪੀ ਜਾਂਦੀ ਹੈ। ਇਸ ਨੇ ਘਰਾਂ ਦੇ ਘਰ ਬਰਬਾਦ ਕਰ ਦਿੱਤੇ ਪਰ ਲੁਕਾਈ ਨੇ ਇਸ ਨੂੰ ਘਟਾਉਣ ਦੀ ਵਜਾਏ ਹੋਰ ਵੀ ਵਧਾ ਲਿਆ ਹੈ। ਕੋਈ ਵੀ ਸਮਾਗਮ ਇਸ ਬਿਨ੍ਹਾਂ ਅਧੂਰਾ ਸਮਝਿਆ ਜਾਂਦਾ ਹੈ। ਸ਼ਰਾਬ ਪੀਣ ਵਾਲੇ ਇਹ ਆਮ ਹੀ ਕਹਿੰਦੇ ਸੁਣੇ ਗਏ ਹਨ ਕਿ ਜਿਹੜਾ ਬੰਦਾ ਸ਼ਰਾਬ ਨਹੀਂ ਪੀਂਦਾ ਉਹ ਜਿਹਾ ਇਸ ਦੁਨੀਆ ਤੇ ਆਇਆ ਜਿਹਾ ਨਾ ਆਇਆ। ਸ਼ਰਾਬੀਆਂ ਦੇ ਸ਼ਰਾਬ ਪੀਣ ਦੇ ਬਹਾਨੇ ਵੀ ਕਮਾਲ ਦੇ ਹਨ। ਜੇ ਕਰ ਖੁਸ਼ੀ ਦਾ ਸਮਾ ਹੋਵੇ ਤਾਂ ਕਹਿਣਗੇ ਕਿ ਹੁਣ ਨਹੀਂ ਪੀਣੀ ਤਾਂ ਫਿਰ ਕਦੋਂ ਪੀਣੀ ਹੈ ਅਤੇ ਜੇ ਕਰ ਕੋਈ ਗਮੀ ਦਾ ਹੋਵੇ ਤਾਂ ਕਹਿਣਗੇ ਕਿ ਪੀਤੀ ਬਿਨ੍ਹਾਂ ਦਿਲ ਨਹੀਂ ਠਹਿਰਦਾ। ਸ਼ਰਾਬ ਦੇ ਕਾਰਨਾਮਿਆਂ ਬਾਰੇ ਤਾਂ ਤੁਸੀਂ ਪਹਿਲਾਂ ਹੀ ਬਹੁਤ ਕੁੱਝ ਪੜ੍ਹਿਆ ਸੁਣਿਆਂ ਹੋਵੇਗਾ ਜਿਸ ਨੂੰ ਬਹੁਤਾ ਦੁਹਰਾਉਣ ਦੀ ਲੋੜ ਨਹੀਂ। ਪੜ੍ਹੇ ਲਿਖੇ ਸਿਆਣੇ ਲੋਕ ਸ਼ਰਾਬ ਬਾਰੇ ਕੀ ਸੋਚਦੇ ਹਨ ਇਸ ਦੀ ਇਕ ਮਿਸਾਲ ਦੇ ਕੇ ਗੱਲ ਨੂੰ ਅਗਾਂਹ ਤੋਰਦੇ ਹਾਂ। ਦਿੱਲੀ ਦੇ ਰਹਿਣ ਵਾਲੇ ਪ੍ਰਸਿੱਧ ਪੱਤਰਕਾਰ ਅਤੇ ਇਤਿਹਾਸਕਾਰ ਖੁਸ਼ਵੰਤ ਸਿੰਘ ਦਾ ਇਕ ਲੇਖ, 'ਰੋਜ਼ਾਨਾ ਅਜੀਤ' ਦੇ ਦਸੰਬਰ 11, 2004 ਦੇ ਅੰਕ ਵਿਚ ਛਪਿਆ ਸੀ, ਜਿਸ ਦਾ ਕੁੱਝ ਹਿੱਸਾ ਜਿਹੜਾ ਕਿ ਸ਼ਰਾਬ ਵਾਰੇ ਹੈ, ਅਸੀਂ ਹੂ-ਬ-ਹੂ ਛਾਪ ਰਹੇ ਹਾਂ ਜੋ ਕਿ ਇਸ ਤਰ੍ਹਾਂ ਹੈ:

ਮੈਂ ਸਮਝਦਾ ਹਾਂ ਕਿ ਭਾਰਤੀ ਸ਼ਰਾਬ ਸੰਸਾਰ ਦੀ ਕਿਸੇ ਵੀ ਸ਼ਰਾਬ ਵਾਂਗ ਸਰਵੋਤਮ ਹੈ, ਮੇਰਾ ਵਿਚਾਰ ਹੈ ਕਿ ਫਰਾਂਸ ਦੀ ਸਭ ਤੋਂ ਚੰਗੀ ਸ਼ਰਾਬ ਤੋਂ ਇਹ ਵਧੀਆ ਹੈ', ਇਹ ਗੱਲ ਪਾਕਿਸਤਾਨ ਦੀ ਕੌਮੀ ਅਸੈਂਬਲੀ ਦੇ ਮੈਂਬਰ ਅਤੇ ਉਥੇ ਬੀਅਰ ਅਤੇ ਸ਼ਰਾਬ ਦੇ ਇਕੋ-ਇਕ ਨਿਰਮਾਤਾ ਮੀਨੂ ਭੰਡਾਰਾ ਨੇ ਕਹੀ। ਰਾਵਲਪਿੰਡੀ ਵਿਚ ਉਨ੍ਹਾਂ ਦਾ ਸ਼ਰਾਬ ਦਾ ਕਾਰਖਾਨਾ ਹੈ ਜਿਸ ਦਾ ਨਾਂਅ ?ਮਰੀ ਬਰੂਏਰੀ' ਉਹ ਪਾਕਿਸਤਾਨੀ ਸੰਸਦ ਮੈਂਬਰਾਂ ਦੇ ਵਫ਼ਦ ਨਾਲ ਚੰਡੀਗੜ੍ਹ ਆਏ ਸਨ ਜਿਸ ਦਾ ਪ੍ਰਬੰਧ ਇਕ ਗ਼ੈਰ-ਸਰਕਾਰੀ ਸੰਸਥਾ ਨੇ ਕੀਤਾ ਸੀ। ਮੈਂ ਉਨ੍ਹਾਂ ਦੇ ਫ਼ੈਸਲੇ ਦੀ ਪੁਸ਼ਟੀ ਕਰਦਾ ਹਾਂ ਪਰ ਕਦੇ ਵੀ ਖੁੱਲ੍ਹ ਕੇ ਇਹ ਗੱਲ ਕਹਿਣ ਦੀ ਹਿੰਮਤ ਨਹੀਂ ਕਰ ਸਕਦਾ ਕਿਉਂਕਿ ਇਨ੍ਹਾਂ ਪ੍ਰਸਿੱਧ ਸ਼ਰਾਬਾਂ ਬਾਰੇ ਮੇਰੀ ਜਾਣਕਾਰੀ ਬਹੁਤ ਸੀਮਤ ਮੰਨ ਲਈ ਜਾਂਦੀ। ਫਰਾਂਸੀਸੀਆਂ ਨੇ ਆਪਣੀ ਸ਼ਰਾਬ ਦਾ ਏਨਾ ਜ਼ਿਆਦਾ ਪ੍ਰਚਾਰ ਕੀਤਾ ਹੋਇਆ ਹੈ ਕਿ ਦੁਨੀਆ ਦੀ ਸਭ ਤੋਂ ਵਧੀਆ ਵਾਈਨ ਬਣਾਉਣ ਦੇ ਉਨ੍ਹਾਂ ਦੇ ਦਾਅਵੇ 'ਤੇ ਸਵਾਲ ਕਰਨਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਇਤਾਲਵੀ, ਜਰਮਨ, ਆਸਟ੍ਰੇਲੀਅਨ ਅਤੇ ਅਮਰੀਕਾ ਵੀ ਫਰਾਂਸ ਵਾਂਗ ਵਧੀਆ ਸ਼ਰਾਬ ਬਣਾਉਂਦੇ ਹਨ। ਇਸੇ ਤਰ੍ਹਾਂ ਭਾਰਤੀਆਂ ਨੂੰ ਵੀ ਜੇ ਉਨ੍ਹਾਂ ਨੂੰ ਆਪਣਾ ਵਪਾਰ ਫੈਲਾਉਣ ਦਾ ਮੌਕਾ ਦਿੱਤਾ ਜਾਏ ਤਾਂ ਉਹ ਦੁਨੀਆ ਦੀ ਸ਼ਰਾਬ ਮੰਡੀ ਵਿਚ ਆਪਣਾ ਗ਼ਲਬਾ ਕਾਇਮ ਕਰ ਲੈਣਗੇ ਜਿਸ ਨਾਲ ਦੇਸ਼ ਨੂੰ ਬਹੁਤ ਲਾਭ ਹੋਵੇਗਾ। ਭਾਰਤੀ ਸ਼ਰਾਬ ਦਾ ਮੇਰਾ ਤਜਰਬਾ ਬੰਗਲੌਰ ਦੇ ਗ੍ਰੋਵਰਾਂ, ਮਹਾਰਾਸ਼ਟਰ ਦੇ ਨਾਰਾਇਣ ਪਿੰਡ ਵਿਚ ਬਣਨ ਵਾਲੀ ਰਿਵੇਰੀਆ ਅਤੇ ਸ਼ੈਂਪੇਨ ਤੱਕ ਹੀ ਸੀਮਤ ਹੈ। ਮੈਂ ਇਨ੍ਹਾਂ ਦੋਵਾਂ ਦੀ ਸਰਵੋਤਮਤਾ ਦੀ ਗਵਾਹੀ ਦੇ ਸਕਦਾ ਹਾਂ। ਜਿਨਾਂ ਅਸੀਂ ਜਿਨ, ਰਮ, ਵਿਸਕੀ, ਫੈਨੀ ਅਤੇ ਬ੍ਰਾਂਡੀ ਘਟਾ ਕੇ ਬੀਅਰ ਅਤੇ ਵਾਈਨ ਦੀ ਵਰਤੋਂ ਜ਼ਿਆਦਾ ਕਰਾਂਗੇ, ਇਹ ਸਾਡੀ ਸਿਹਤ ਲਈ ਚੰਗਾ ਹੋਵੇਗਾ। ਵਾਈਨ ਸਾਡੀ ਤਰਜੀਹ ਹੋਣੀ ਚਾਹੀਦੀ ਹੈ। ਸਾਡੇ ਦੇਸ਼ ਦੇ ਜ਼ਿਆਦਾਤਰ ਹਿੱਸਿਆਂ ਜਿਵੇਂ ਕਿ ਕਸ਼ਮੀਰ, ਹਿਮਾਚਲ, ਆਂਧਰਾ, ਮਹਾਰਾਸ਼ਟਰ ਵਿਚ ਬਹੁਤ ਵਧੀਆ ਕਿਸੇ ਦੇ ਅੰਗੂਰਾਂ ਦੀ ਖੇਤੀ ਹੁੰਦੀ ਹੈ, ਉਥੇ ਸ਼ਰਾਬ ਬਣਾਉਣ ਵਾਲੀ ਅੰਗੂਰਾਂ ਦੀ ਪੈਦਾਵਾਰ ਕੀਤੀ ਜਾ ਸਕਦੀ ਹੈ। ਸਾਨੂੰ ਸ਼ਰਾਬ ਸੱਭਿਆਚਾਰ ਅਪਣਾਉਣਾ ਚਾਹੀਦਾ ਹੈ ਅਤੇ ਭਲੇਮਾਣਸਾਂ ਵਾਂਗ ਪੀਣੀ ਸਿਖਣੀ ਚਾਹੀਦੀ ਹੈ, ਜਿਸ ਨੂੰ ਇਹ ਪਤਾ ਹੋਵੇ ਕਿ ਪੀਣਾ ਉਸ ਲਈ ਕਿੰਨਾ ਕੁ ਠੀਕ ਹੈ, ਨਾ ਕਿ ਉਸ ਉਜੱਡ ਵਿਅਕਤੀ ਵਾਂਗ ਜੋ ਪੂਰੀ ਬੋਤਲ ਖ਼ਤਮ ਕਰ ਦੇਵੇ ਅਤੇ ਸ਼ਰਾਬ ਦੇ ਨਸ਼ੇ ਵਿਚ ਆਪਣਾ ਜਲੂਸ ਕਢਾਏ।

ਭੰਡਾਰਾ ਦੇ ਕੋਲ ਪਾਕਿਸਤਾਨ ਵਿਚ ਸ਼ਰਾਬ ਪੀਣ ਦੀਆਂ ਕੁਝ ਹੋਰ ਦਿਲਚਸਪ ਦਾਸਤਾਨਾਂ ਹਨ। ਸਰਕਾਰੀ ਤੌਰ 'ਤੇ ਇਸ 'ਤੇ ਪਾਬੰਦੀ ਲੱਗੀ ਹੋਈ ਹੈ ਅਤੇ ਸ਼ਰਾਬ ਬਣਾਉਣ ਲਈ ਕੋਈ ਵੀ ਨਵਾਂ ਲਾਇਸੰਸ ਨਹੀਂ ਦਿੱਤਾ ਜਾਂਦਾ। ਉਥੋਂ ਦੇ ਮਰੀ ਸਥਿਤ ਸ਼ਰਾਬ ਕਾਰਖਾਨੇ ਦੀ ਦੇਸ਼ ਭਰ ਵਿਚ ਅਜਾਰੇਦਾਰੀ ਹੈ ਅਤੇ ਸਿਰਫ਼ ਦੂਜੇ ਮੁਲਕਾਂ ਵਿਚ ਭੇਜਣ ਲਈ ਹੀ ਉਥੇ ਸ਼ਰਾਬ ਬਣਦੀ ਹੈ। ਜੋ ਵੀ ਹੋਵੇ, ਉਨ੍ਹਾਂ ਦਾ ਵਪਾਰ ਤੇਜ਼ੀ ਨਾਲ ਵਧ ਰਿਹਾ ਹੈ। ਕਾਫੀ ਮਾਤਰਾ ਵਿਚ ਇਹ ਭਾਰਤੀ ਤਸਕਰਾਂ ਵੱਲੋਂ ਖਰੀਦੀ ਜਾਂਦੀ ਹੈ, ਕੁਝ ਗਵਾਂਢੀ ਮੁਸਲਿਮ ਦੇਸ਼ਾਂ ਵੱਲੋਂ ਖਰੀਦੀ ਜਾਂਦੀ ਹੈ। ਬਾਕੀ ਦੀ ਸ਼ਰਾਬ ਦੀ ਖਪਤ ਪਾਕਿਸਤਾਨ ਵਿਚ ਹੋ ਜਾਂਦੀ ਹੈ। ਉਹ ਪ੍ਰੀਮੀਅਮ ਬ੍ਰਾਂਡ ਵਿਸਕੀ ਬਣਾਉਂਦੇ ਨ। ਉਨ੍ਹਾਂ ਨੇ ਮੈਨੂੰ 12 ਵਰ੍ਹੇ ਪੁਰਾਣੀ ?ਸਿੰਗਲ ਮਾਲਟ' ਵਿਸਕੀ ਦੀ ਇਕ ਬੋਤਲ ਭੇਟ ਕੀਤੀ, ਜੋ ਸਵਾਦ ਦੇ ਮਾਮਲੇ ਵਿਚ ਸਕਾਟਲੈਂਡ ਦੇ ਕਿਸੇ ਵੀ ਉਤਪਾਦਨ ਤੋਂ ਕਿਤੇ ਚੰਗੀ ਸੀ। ਮੈਂ ਉਨ੍ਹਾਂ ਤੋਂ ?ਗ੍ਰੋਵਰਸ ਰੈੱਡ ਵਾਈਨ' ਦੀ ਅੱਧੀ ਬੋਤਲ ਵੀ ਲੈ ਲਈ, ਜੋ ਉਨ੍ਹਾਂ ਨੇ ਆਪਣੇ ਲਈ ਰੱਖੀ ਸੀ। ਉਹ ਬੰਗਲੌਰ ਜਾ ਕੇ ਵੇਖਣਾ ਚਾਹੁੰਦੇ ਸਨ ਕਿ ਗ੍ਰੋਵਰ ਕਿਵੇਂ ਵਧੀਆ ਸ਼ਰਾਬ ਬਣਾਉਂਦੇ ਨ। ਮੈਂ ਚਾਹੁੰਦਾ ਸੀ ਕਿ ਉਹ ਗ੍ਰੋਵਰ ਨੂੰ ਜਾ ਕੇ ਕਹਿਣ ਕਿ ਉਹ ਆਪਣੇ ਉਤਪਾਦਨਾਂ ਵਿਚ ਜ਼ਿਆਦਾ ਭਰੋਸਾ ਪੈਦਾ ਕਰਨ ਅਤੇ ਆਪਣੀ ਸ਼ਰਾਬ ਦੇ ਫਰੈਂਚ ਅਤੇ ਵਿਦੇਸ਼ੀ ਨਾਂਅ ਜਿਵੇਂ ਕਿ ?ਸ਼ੈਵਰਨੈੱਟ ਸ਼ਰਾਜ' ਰੱਖਣ ਦੀ ਥਾਂ ਸ਼ਰਾਬ ਪ੍ਰੇਮੀਆਂ ਲਈ ਇਨ੍ਹਾਂ ਨੂੰ ਭਾਰਤੀ ਨਾਂਅ ਦੇਣ ਜਿਵੇਂ ਕਿ ?ਅਵਧ ਰਾਇਲ' ਜਾਂ ?ਗਾਲਿਬ ਸਪੈੱਸ਼ਲ'। (ਅਜੀਤ 11 ਦਸੰਬਰ 2004 ਵਿਚੋਂ ਧੰਨਵਾਦ ਸਹਿਤ) ?

ਜਦੋਂ ਗੁਰੂ ਨਾਨਕ ਦੇਵ ਜੀ ਭਰਥਰਿ ਜੋਗੀ ਨੂੰ ਮਿਲੇ ਤਾਂ ਸ਼ਾਇਦ ਉਸ ਨੇ ਗੁਰੂ ਨਾਨਕ ਦੇਵ ਜੀ ਨੂੰ ਕਿਹਾ ਹੋਵੇਗਾ ਕਿ ਘੁੱਟ ਪੀ ਕੇ ਤਾਂ ਦੇਖੋ, ਸੁਰਤੀ ਕਿਵੇਂ ਜੁੜਦੀ ਹੈ ਅਤੇ ਸਰੂਰ ਆਉਂਦਾ ਹੈ। ਗੁਰੂ ਨਾਨਕ ਦੇਵ ਜੀ ਕਹਿਣ ਲੱਗੇ ਕਿ ਜੋਗੀ ਜੀ, ਸ਼ਰਾਬ ਅਸੀਂ ਵੀ ਪੀਂਦੇ ਹਾਂ ਲੈ ਸੁਣ ਉਹ ਕਿਵੇਂ ਕੱਢੀਦੀ ਹੈ: ਆਸਾ ਮਹਲਾ 1 ॥ ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ ॥ ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ ॥1॥ ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ ॥ ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ ॥1॥ ਰਹਾਉ ॥ ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ ॥ ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥2॥ ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ॥ ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥3॥ ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ ॥ ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ ॥4॥4॥38॥ ?ਪੰਨਾ 360 ?

ਅਰਥ :-ਜੇ ਜੋਗੀ ! (ਤੁਸੀਂ ਸੁਰਤਿ ਨੂੰ ਟਿਕਾਣ ਲਈ ਸ਼ਰਾਬ ਪੀਂਦੇ ਹੋ, ਇਹ ਨਸ਼ਾ ਉਤਰ ਜਾਂਦਾ ਹੈ; ਤੇ ਸੁਰਤਿ ਮੁੜ ਉੱਖੜ ਜਾਂਦੀ ਹੈ) ਅਸਲ ਮਸਤਾਨਾ ਉਹ ਮਨ ਹੈ ਜੋ ਪਰਮਾਤਮਾ ਦੇ ਸਿਮਰਨ ਦਾ ਰਸ ਪੀਂਦਾ ਹੈ (ਸਿਮਰਨ ਦਾ ਆਨੰਦ ਮਾਣਦਾ ਹੈ) ਜੋ (ਸਿਮਰਨ ਦੀ ਬਰਕਤਿ ਨਾਲ) ਅਡੋਲਤਾ ਦੇ ਹੁਲਾਰਿਆਂ ਵਿਚ ਟਿਕਿਆ ਰਹਿੰਦਾ ਹੈ, ਜਿਸ ਨੂੰ ਪ੍ਰਭੂ-ਚਰਨਾਂ ਦੇ ਪ੍ਰੇਮ ਦੀ ਇਤਨੀ ਲਿਵ ਲਗਦੀ ਹੈ ਕਿ ਦਿਨ ਰਾਤ ਬਣੀ ਰਹਿੰਦੀ ਹੈ, ਜੋ ਆਪਣੇ ਗੁਰੂ ਦੇ ਸ਼ਬਦ ਨੂੰ ਸਦਾ ਇਕ-ਰਸ ਆਪਣੇ ਅੰਦਰ ਟਿਕਾਈ ਰੱਖਦਾ ਹੈ ।1।ਰਹਾਉ।

(ਹੇ ਜੋਗੀ !) ਪਰਮਾਤਮਾ ਨਾਲ ਡੂੰਘੀ ਸਾਂਝ ਨੂੰ ਗੁੜ ਬਣਾ, ਪ੍ਰਭੂ-ਚਰਨਾਂ ਵਿਚ ਜੁੜੀ ਸੁਰਤਿ ਨੂੰ ਮਹੂਏ ਦੇ ਫੁੱਲ ਬਣਾ, ਉੱਚੇ ਆਚਰਨ ਨੂੰ ਕਿੱਕਰਾਂ ਦੇ ਸੱਕ ਬਣਾ ਕੇ (ਇਹਨਾਂ ਵਿਚ) ਰਲਾ ਦੇ। ਸਰੀਰਕ ਮੋਹ ਨੂੰ ਸਾੜ-ਇਹ ਸ਼ਰਾਬ ਕੱਢਣ ਦੀ ਭੱਠੀ ਤਿਆਰ ਕਰ, ਪ੍ਰਭੂ-ਚਰਨਾਂ ਵਿਚ ਪਿਆਰ ਜੋੜ-ਇਹ ਹੈ ਉਹ ਠੰਡਾ ਪੋਚਾ ਜੋ ਅਰਕ ਵਾਲੀ ਨਾਲੀ ਉਤੇ ਫੇਰਨਾ ਹੈ। ਇਸ ਸਾਰੇ ਮਿਲਵੇਂ ਰਸ ਵਿਚੋਂ (ਅਟੱਲ ਆਤਮਕ ਜੀਵਨ ਦਾਤਾ) ਅੰਮ੍ਰਿਤ ਨਿਕਲੇਗਾ ।1।

(ਹੇ ਜੋਗੀ !) ਇਹ ਹੈ ਉਹ ਪਿਆਲਾ ਜਿਸ ਦੀ ਮਸਤੀ ਸਦਾ ਟਿਕੀ ਰਹਿੰਦੀ ਹੈ, ਸਭ ਗੁਣਾਂ ਦਾ ਮਾਲਕ ਪ੍ਰਭੂ ਅਡੋਲਤਾ ਵਿਚ ਰੱਖ ਕੇ ਉਸ ਮਨੁੱਖ ਨੂੰ (ਇਹ ਪਿਆਲਾ) ਪਿਲਾਂਦਾ ਹੈ ਜਿਸ ਉਤੇ ਆਪ ਮੇਹਰ ਦੀ ਨਜ਼ਰ ਕਰਦਾ ਹੈ। ਜੇਹੜਾ ਮਨੁੱਖ ਅਟੱਲ ਆਤਮਕ ਜੀਵਨ ਦੇਣ ਵਾਲੇ ਇਸ ਰਸ ਦਾ ਵਪਾਰੀ ਬਣ ਜਾਏ ਉਹ (ਤੁਹਾਡੇ ਵਾਲੇ ਇਸ) ਹੋਛੇ ਸ਼ਰਾਬ ਨਾਲ ਪਿਆਰ ਨਹੀਂ ਕਰਦਾ ।2।

ਜਿਸ ਮਨੁੱਖ ਨੇ ਅਟੱਲ ਆਤਮਕ ਜੀਵਨ ਦੇਣ ਵਾਲੀ ਗੁਰੂ ਦੀ ਸਿੱਖਿਆ-ਭਰੀ ਬਾਨੀ ਦਾ ਰਸ ਪੀਤਾ ਹੈ, ਉਹ ਪੀਂਦਿਆਂ ਹੀ ਪ੍ਰਭੂ ਦੀਆਂ ਨਜ਼ਰਾਂ ਵਿਚ ਕਬੂਲ ਹੋ ਜਾਂਦਾ ਹੈ, ਉਹ ਪਰਮਾਤਮਾ ਦੇ ਦਰ ਦੇ ਦੀਦਾਰ ਦਾ ਪ੍ਰੇਮੀ ਬਣ ਜਾਂਦਾ ਹੈ, ਉਸ ਨੂੰ ਨਾਹ ਮੁਕਤੀ ਦੀ ਲੋੜ ਰਹਿੰਦੀ ਹੈ ਨਾਹ ਬੈਕੁੰਠ ਦੀ ।3।

ਹੇ ਨਾਨਕ ! (ਆਖ-) ਹੇ ਭਰਥਰੀ ਜੋਗੀ ! ਜੋ ਮਨੁੱਖ ਪ੍ਰਭੂ ਦੀ ਸਿਫ਼ਤਿ-ਸਾਲਾਹ ਵਿਚ ਰੰਗਿਆ ਗਿਆ ਹੈ ਉਹ ਸਦਾ (ਮਾਇਆ ਦੇ ਮੋਹ ਤੋਂ) ਵਿਰਕਤ ਰਹਿੰਦਾ ਹੈ, ਉਹ ਆਤਮਕ ਮਨੁੱਖਾ ਜੀਵਨ ਜੂਏ ਵਿਚ (ਭਾਵ, ਅਜਾਈਂ) ਨਹੀਂ ਗਵਾਂਦਾ, ਉਹ ਤਾਂ ਅਟੱਲ ਆਤਮਕ ਜੀਵਨ ਦਾਤੇ ਆਨੰਦ ਵਿਚ ਮਸਤ ਰਹਿੰਦਾ ਹੈ ।4।4।38।

ਗੁਰਬਾਣੀ ਵਿਚੋਂ ਸ਼ਰਾਬ ਬਾਰੇ ਕੁੱਝ ਹੋਰ ਸ਼ਬਦ: ਪਉੜੀ ॥ ਸਾਲਾਹੀ ਸਚੁ ਸਾਲਾਹਣਾ ਸਚੁ ਸਚਾ ਪੁਰਖੁ ਨਿਰਾਲੇ ॥ ਸਚੁ ਸੇਵੀ ਸਚੁ ਮਨਿ ਵਸੈ ਸਚੁ ਸਚਾ ਹਰਿ ਰਖਵਾਲੇ ॥ ਸਚੁ ਸਚਾ ਜਿਨੀ ਅਰਾਧਿਆ ਸੇ ਜਾਇ ਰਲੇ ਸਚ ਨਾਲੇ ॥ ਸਚੁ ਸਚਾ ਜਿਨੀ ਨ ਸੇਵਿਆ ਸੇ ਮਨਮੁਖ ਮੂੜ ਬੇਤਾਲੇ ॥ ਓਹਿ ਆਲੁ ਪਤਾਲੁ ਮੁਹਹੁ ਬੋਲਦੇ ਜਿਉ ਪੀਤੈ ਮਦਿ ਮਤਵਾਲੇ ॥19॥ ?ਪੰਨਾ 311 ? ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ ॥ ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ ॥4॥12॥114॥ ?ਪੰਨਾ 399 ? ਸਲੋਕ ਮ: 3 ॥ ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ ॥ ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥ ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥ ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥ ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥ ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥ ਸਦਾ ਸਾਹਿਬ ਕੈ ਰੰਗਿ ਰਹੈ ਮਹਲੀ ਪਾਵੈ ਥਾਉ ॥1॥ ?ਪੰਨਾ 554 ? ਅੱਜ ਤੋਂ ਕੋਈ 20-25 ਸਾਲ ਪਹਿਲਾਂ ਜਦੋਂ ਮੈਂ ਗੁਰਦੁਆਰੇ ਪਾਠ ਕਰਨ ਦੀਆਂ ਰਸਮਾਂ ਵਿਚ ਪੂਰੀ ਤਰ੍ਹਾਂ ਸ਼ਾਮਲ ਸੀ ਤਾਂ ਗੁਰਬਾਣੀ ਦੀਆਂ ਸ਼ਰਾਬ ਬਾਰੇ ਲਿਖੀਆਂ ਸਚਾਈਆਂ ਨੂੰ ਸਮਝ ਕੇ ਰੋਸ ਵਜੋਂ ਉਨ੍ਹਾਂ ਵਿਅਕਤੀਆਂ ਦੇ ਪਾਠ ਵਿਚ ਸ਼ਾਮ ਹੋਣ ਤੋਂ ਇਨਕਾਰ ਕਰ ਦਿੰਦਾ ਸੀ ਜਿਹੜੇ ਕਿ ਬਾਅਦ ਵਿਚ ਸ਼ਰਾਬ ਦੀ ਪਾਰਟੀ ਭੀ ਕਰਦੇ ਹੁੰਦੇ ਸਨ। ਮੇਰੇ ਇਸ ਤਰ੍ਹਾਂ ਕਰਨ ਨਾਲ ਕੋਈ ਬਹੁਤਾ ਫਰਕ ਤਾਂ ਨਹੀਂ ਪਿਆ ਪਰ ਕਈਆਂ ਦੀ ਨਿਰਾਜ਼ਗੀ ਜ਼ਰੂਰ ਸਹੇੜ ਲਈ ਸੀ।

ਆਓ ਹੁਣ ਆਈਏ ਅਸਲੀ ਗੱਲ ਵੱਲ ਕਿ ਸ਼ਰਾਬ ਦੀ ਬੰਦ ਬੋਤਲ ਵਿਚ ਸੱਚ ਕੀ ਹੈ ਅਤੇ ਸਾਰੀ ਦੁਨੀਆ ਕਿਉਂ ਇਸ ਸ਼ਰਾਬ ਦੇ ਸਮੁੰਦਰ ਵਿਚ ਡੁੱਬਦੀ ਜਾ ਰਹੀ ਹੈ ? ਗੁਰਦੁਆਰਿਆਂ ਦੇ ਪ੍ਰਬੰਧਕ ਭੀ (ਸਮੇਤ ਸ਼੍ਰੋਮਣੀ ਕਮੇਟੀ ਦੇ) ਕਿਉਂ ਗਰਕ ਹੋ ਰਹੇ ਹਨ ਇਸ ਵਿਚ ? ਹੋਰ ਬਹੁਤ ਸਾਰੇ ਕਾਰਨਾਂ ਤੋਂ ਬਿਨ੍ਹਾਂ ਇਕ ਵੱਡਾ ਕਾਰਨ ਹੈ ਮੀਡੀਏ ਵਿਚ ਇਸ ਦੀ ਖੂਬ ਚਰਚਾ ਦਾ ਹੋਣਾ। ਇਹ ਮੀਡੀਏ ਵਿਚ ਤੁਸੀਂ ਆਮ ਹੀ ਸੁਣਿਆਂ ਹੋਵੇਗਾ ਕਿ ਥੋੜੀ ਜਿਹੀ ਸ਼ਰਾਬ ਪੀਣੀ ਸਿਹਤ ਲਈ ਗੁਣਕਾਰੀ ਹੈ। ਇਸ ਦੇ ਪੀਣ ਨਾਲ ਹਰਟ ਅਟੈਕ ਹੋਣ ਦਾ ਖਤਰਾ ਕਾਫ਼ੀ ਘਟ ਜਾਂਦਾ ਹੈ ਅਤੇ ਇਹ ਕਈ ਬਿਮਾਰੀਆਂ ਨੂੰ ਭੀ ਦੂਰ ਕਰਦੀ ਹੈ। ਰੈੱਡ ਵਾਈਨ (ਲਾਲ ਸ਼ਰਾਬ) ਦੇ ਸੋਹਲੇ ਤਾਂ ਬਹੁਤੇ ਹੀ ਗਾਏ ਜਾਂਦੇ ਹਨ। ਇਹ ਸਾਰਾ ਕੁੱਝ ਰਿਸਰਚ ਦੇ ਨਾਮ ਥੱਲੇ ਹੋ ਰਿਹਾ ਹੈ। ਇਸ ਤਰ੍ਹਾਂ ਦੀਆਂ ਵਾਰ ਵਾਰ ਦੁਹਰਾਈਆਂ ਗੱਲਾਂ ਤੋਂ ਕਈ ਵਾਰੀ ਥੋੜੀ ਸਮਝ ਵਾਲਾ ਸਿੱਖ ਸ਼ਰਧਾਲੂ ਡੋਲ ਹੀ ਜਾਂਦਾ ਹੈ ਕਿ ਸ਼ਾਇਦ ਗੁਰੂ ਨਾਨਕ ਸਾਹਿਬ ਦੀ ਕਹੀ ਹੋਈ ਗੱਲ ਪੂਰੀ ਸੱਚ ਨਾ ਹੀ ਹੋਵੇ। ਕਿਉਂਕਿ ਗੁਰੂ ਨਾਨਕ ਤਾਂ ਕਹਿੰਦਾ ਹੈ ਕਿ ਬਿੱਲ ਕੁੱਲ ਨਹੀਂ ਪੀਣੀ ਪਰ ਇਹ ਰਿਸਰਚ ਦੱਸਦੀ ਹੈ ਕਿ ਥੋੜੀ ਜਿਹੀ ਪੀਣੀ ਗੁਣਕਾਰੀ ਹੈ ਲਓ ਜੀ, ਸੁਣ ਲਓ ਹੁਣ ਰਿਸਰਚ ਵਾਲੀ ਗੱਲ। ਇਸ ਰਿਸਰਚ ਵਾਲੇ ਫਰਾਡ ਦਾ ਭਾਂਡਾ ਚੌਰਾਹੇ ਵਿਚ ਭੰਨ ਦਿੱਤਾ ਹੈ ਸੀਥ ਬੀਥ ਸੀਥ ਰੇਡੀਓ ਅਤੇ ਟੈਲੀਵੀਜ਼ਨ ਨੇ ਜੋ ਕਿ 02 ਦਸੰਬਰ 2004 ਨੂੰ 9:05 ਸਵੇਰੇ ਰੇਡੀਓ ਤੇ ਅਤੇ 05 ਦਸੰਬਰ 2004 ਨੂੰ 7:00 ਵਜੇ ਸ਼ਾਮ ਨੂੰ ਟੈਲੀਵਿਜ਼ਨ ਤੇ ਬ੍ਰਾਡਕਾਸਟ ਕੀਤਾ ਗਿਆ। ਸੀਥ ਬੀਥ ਸੀਥ ਕਨੇਡਾ ਦਾ ਇਕ ਪਬਲਿਕ ਅਦਾਰਾ ਹੈ ਜੋ ਕਿ ਕਾਫੀ ਨਿਰਪੱਖਤਾ ਨਾਲ ਖ਼ਬਰਾਂ ਅਤੇ ਹੋਰ ਪ੍ਰੋਗਰਾਮ ਪੇਸ਼ ਕਰਦਾ ਹੈ। ਸ਼ਰਾਬ ਵਾਰੇ ਜੋ ਇਸ ਨੇ ਰੀਪੋਰਟ ਬ੍ਰਾਡਕਾਸਟ ਕੀਤੀ ਹੈ ਉਹ ਇਕ ਕਿਸਮ ਦਾ ਬੰਬ ਹੀ ਸੀ। ਉਸ ਰੀਪੋਰਟ ਅਨੁਸਾਰ ਇਹ ਜੋ ਰੀਸਰਚ ਕਰਦੇ ਹਨ ਇਨ੍ਹਾਂ ਪਿਛੇ ਸਾਰਾ ਹੱਥ ਸ਼ਰਾਬ ਕੰਪਨੀਆਂ ਦਾ ਹੈ। ਸਾਰਾ ਪੈਸਾ ਅਸਿੱਧੇ ਢੰਗ ਨਾਲ ਉਹ ਹੀ ਦਿੰਦੇ ਹਨ ਅਤੇ ਰੀਸਰਚ ਵੀ ਗਲਤ ਢੰਗ ਨਾਲ ਕੀਤੀ ਜਾਂਦੀ ਹੈ। ਮਿਸਾਲ ਦੇ ਤੌਰ ਤੇ ਇਕ ਥੋੜੀ ਜਿਹੀ ਸ਼ਰਾਬ ਪੀਣ ਵਾਲੇ ਦੀ ਤੁਲਨਾ ਉਸ ਨਾਲ ਕੀਤੀ ਜਾਂਦੀ ਹੈ ਜਿਸ ਨੂੰ ਕਿ ਡਾਕਟਰ ਨੇ ਸ਼ਰਾਬ ਪੀਣ ਤੋਂ ਮਨ੍ਹਾਂ ਕੀਤਾ ਹੋਵੇ। ਇਹ ਮਨ੍ਹਾਂ ਕੀਤੇ ਉਹ ਵਿਅਕਤੀ ਹੁੰਦੇ ਹਨ ਜਿਹੜੇ ਕਿ ਕਿਸੇ ਸਮੇਂ ਅੱਤ ਦਰਜੇ ਦੇ ਸ਼ਰਾਬੀ ਹੁੰਦੇ ਸਨ ਅਤੇ ਜਾਂ ਫਿਰ ਕਿਸੇ ਹੋਰ ਬਿਮਾਰੀ ਦੇ ਕਾਰਣ ਇਨ੍ਹਾਂ ਦੀ ਸ਼ਰਾਬ ਪੀਣੀ ਬੰਦ ਕੀਤੀ ਹੋਈ ਸੀ। ਇਹੋ ਜਿਹੀ ਗਲਤ ਰੀਸਰਚ ਨਾਲ ਸ਼ਰਾਬ ਕੰਪਨੀਆਂ ਦੀਆਂ ਤਾਂ ਪੌਂ ਬਾਰਾਂ ਹੋ ਗਈਆਂ ਹਨ। ਇਨ੍ਹਾਂ ਗਲਤ ਤੱਥਾਂ ਦੇ ਅਧਾਰ ਤੇ ਸ਼ਰਾਬ ਦੀ ਖਪਤ ਲਗਪੱਗ 40% ਵੱਧ ਗਈ ਹੈ। ਜੋ ਤੱਥਾਂ ਦੇ ਅਧਾਰ ਤ ਅਸਲੀ ਰੀਸਰਚ ਹੈ ਉਸ ਨੂੰ ਕੋਈ ਨਹੀਂ ਪੁੱਛਦਾ ਅਤੇ ਇਸ ਨੂੰ ਮੀਡੀਏ ਵਿਚ ਬਿਲਕੁਲ ਅਣਗੌਲਿਆ ਜਾਂਦਾ ਹੈ ਜਾਂ ਮਾੜੀ ਜਿਹੀ ਖ਼ਬਰ ਨਸ਼ਰ ਕਰ ਕੇ ਦਬਾ ਦਿੱਤਾ ਜਾਂਦਾ ਹੈ। ਇਸ ਅਸਲੀ ਰੀਸਰਚ ਮੁਤਾਬਕ ਜੋ ਘੱਟੋ ਘੱਟ 50 ਵਾਰੀ ਕੀਤੀ ਗਈ ਹੈ ਦੇ ਅਨੁਸਾਰ ਥੋੜੀ ਜਿਹੀ ਸ਼ਰਾਬ ਪੀਣੀ ਵੀ ਸਿਹਤ ਲਈ ਹਾਨੀਕਾਰਕ ਹੈ। ਇਸ ਦੇ ਪੀਣ ਨਾਲ 60 ਤੋਂ ਭੀ ਜ਼ਿਆਦਾ ਬਿਮਾਰੀਆਂ ਲੱਗਦੀਆਂ ਹਨ। ਜੀਭ ਤੇ ਗਲ੍ਹੇ ਦਾ ਕੈਂਸਰ 10% ਜ਼ਿਆਦਾ ਹੁੰਦਾ ਹੈ। ਇਸਤ੍ਰੀਆਂ ਲਈ ਤਾਂ ਇਹ ਬਹੁਤ ਹੀ ਮਾੜੀ ਹੈ। ਫਰਾਂਸ ਦੇ ਲੋਕ ਸਭ ਤੋਂ ਜ਼ਿਆਦਾ ਸ਼ਰਾਬ ਦੇ ਸ਼ੌਕੀਨ ਹਨ ਅਤੇ ਦੁਨੀਆ ਵਿਚੋਂ ਸਭ ਤੋਂ ਵੱਧ ਲਿਵਰ ਦੀ ਬਿਮਾਰੀ ਭੀ ਫਰਾਂਸ ਵਿਚ ਹੀ ਹੈ। ਸੋ ਗੁਰਮੁਖ ਪਿਆਰਿਓ, ਕਰੋ ਗੁਰੂ ਨਾਨਕ ਦਾ ਕੋਟਾਨ ਕੋਟ ਧੰਨਵਾਦ ਜਿਸ ਨੇ ਕਿ ਸਾਨੂੰ ਇਸ ਲਾਹਨਤ ਵਾਰੇ ਅੱਜ ਤੋਂ ਸਦੀਆਂ ਪਹਿਲਾਂ ਹੀ ਸੁਚੇਤ ਕਰ ਦਿੱਤਾ ਸੀ। ਸੋ ਜੇ ਕਰ ਅਸੀਂ ਸਾਰਾ ਕੁੱਝ ਜਾਣਦੇ ਬੁੱਝਦੇ ਵੀ ਖੂਹ ਵਿਚ ਛਾਲ ਮਾਰ ਕੇ ਮਰਨਾ ਹੀ ਮਰਨਾ ਹੈ ਤਾਂ ਫਿਰ ਤਾਂ ਕੋਈ ਕੁੱਝ ਨਹੀਂ ਕਰ ਸਕਦਾ

# ਲਹਿੰਦੇ ਪੰਜਾਬ ਦਾ ਪਹਿਲਾ ਸੁਪਰਸਟਾਰ

ਅਭਿਨੇਤਾ ਸੁਧੀਰ ਨੂੰ ਪਾਕਿਸਤਾਨੀ ਫ਼ਿਲਮਾਂ ਦੇ ਪਹਿਲੇ ਸੁਪਰਸਟਾਰ ਹੋਣ ਦਾ ਮਾਣ ਹਾਸਲ ਹੈ। ਸ਼ਾਹ ਜ਼ਮਾਨ ਖ਼ਾਨ ਅਫ਼ਰੀਦੀ ਉਰਫ਼ ਸੁਧੀਰ ਦਾ ਜਨਮ 25 ਜਨਵਰੀ, 1922 ਨੂੰ ਲਾਹੌਰ ਵਿਚ ਹੋਇਆ। ਮੂਲ ਰੂਪ ਵਿਚ ਪਸ਼ਤੋ ਇਲਾਕੇ ਦਾ ਰਹਿਣ ਵਾਲਾ ਇਹ ਨਾਇਕ ਪਾਕਿਸਤਾਨੀ ਫ਼ਿਲਮਾਂ ਦਾ ਪਹਿਲਾ ਐਕਸ਼ਨ ਹੀਰੋ ਸੀ। ਉਹ ਪੰਜਾਬੀ ਤੇ ਉਰਦੂ ਫ਼ਿਲਮਾਂ ਦਾ ਆਪਣੇ ਸਮੇਂ ਦਾ ਹਿੱਟ ਨਾਂ ਸੀ।

ਸੁਧੀਰ ਦਾ ਫ਼ਿਲਮੀ ਸਫ਼ਰ ਤਕਰੀਬਨ 40 ਸਾਲ ਦਾ ਰਿਹਾ। ਇਨ੍ਹਾਂ ਸਾਲਾਂ ਵਿਚ ਉਸ ਨੇ ਜ਼ਿਆਦਾਤਰ ਫ਼ਿਲਮਾਂ ਵਿਚ ਮੁੱਖ ਨਾਇਕ ਦੇ ਕਿਰਦਾਰ ਅਦਾ ਕੀਤੇ। ਉਸ ਦੀਆਂ ਜ਼ਿਆਦਾਤਰ ਫ਼ਿਲਮਾਂ ਹਿੱਟ ਤੇ ਸੁਪਰਹਿੱਟ ਹੋਈਆਂ। ਉਸ ਦੀਆਂ ਬਹੁਤ ਸਾਰੀਆਂ ਫ਼ਿਲਮਾਂ ਨੇ ਸਿਲਵਰ, ਗੋਲਡਨ ਤੇ ਪਲੈਟੀਨਮ ਜੁਬਲੀ ਮਨਾਈ। ਨਿਊ ਹਿੰਦੁਸਤਾਨ ਫਿਲਮਜ਼ ਦੇ ਬੈਨਰ ਹੇਠ ਲਾਹੌਰ ਵਿਚ ਬਣੀ ਫ਼ਿਲਮ 'ਫਰਜ਼' ਉਸ ਦੀ ਪਹਿਲੀ ਫ਼ਿਲਮ ਸੀ ਜਿਹੜੀ ਪਾਕਿਸਤਾਨ ਬਣਨ ਤੋਂ ਪਹਿਲਾਂ 1947 ਵਿਚ ਰਿਲੀਜ਼ ਹੋਈ। ਇਸ ਫ਼ਿਲਮ ਦੇ ਨਿਰਦੇਸ਼ਕ ਸਨ ਨਿਰੰਜਨ ਅਤੇ ਫ਼ਿਲਮ ਵਿਚ ਨਾਇਕਾ ਦਾ ਕਿਰਦਾਰ ਰਾਗਨੀ ਨੇ ਅਦਾ ਕੀਤਾ ਸੀ। ਪਾਕਿਸਤਾਨ ਬਣਨ ਤੋਂ ਬਾਅਦ ਜਿੱਥੇ ਲਾਹੌਰ ਫ਼ਿਲਮ ਸਨਅਤ ਦੀਆਂ ਬਹੁਤ ਸਾਰੀਆਂ ਫ਼ਿਲਮੀ ਹਸਤੀਆਂ ਨੇ ਬੌਲੀਵੁੱਡ (ਮੁੰਬਈ) ਵੱਲ ਰੁਖ਼ ਕੀਤਾ ਉੱਥੇ ਸੁਧੀਰ ਸਾਬ ਨੇ ਲਾਹੌਰ ਹੀ ਰਹਿਣ ਦਾ ਫ਼ੈਸਲਾ ਲਿਆ। ਪਾਕਿਸਤਾਨ ਫ਼ਿਲਮ ਸਨਅਤ ਵਿਚ ਉਸਨੇ ਆਪਣੇ ਫ਼ਿਲਮੀ ਸਫ਼ਰ ਦਾ ਆਗਾਜ਼ 1949 ਵਿਚ ਰਿਲੀਜ਼ ਹੋਈ ਫ਼ਿਲਮ 'ਹਿਚਕੋਲੇ' ਤੋਂ ਕੀਤਾ ਸੀ ਜੋ ਪਾਕਿਸਤਾਨੀ ਫ਼ਿਲਮ ਸਨਅਤ ਦੇ ਬਣਨ ਤੋਂ ਬਾਅਦ ਤੀਜੀ ਫ਼ਿਲਮ ਸੀ। ਸੁਧੀਰ ਦੀ ਆਖ਼ਰੀ ਫ਼ਿਲਮ 7 ਅਗਸਤ, 1987 ਨੂੰ ਰਿਲੀਜ਼ ਹੋਈ ਉਰਦੂ ਫ਼ਿਲਮ 'ਸਨ ਆਫ ਅੰਨਦਾਤਾ' ਸੀ। ਉਸ ਨੇ ਕੁੱਲ 173 ਫ਼ਿਲਮਾਂ ਵਿਚ ਅਦਾਕਾਰੀ ਕੀਤੀ ਜਿਸ ਵਿਚ 70 ਉਰਦੂ, 101 ਪੰਜਾਬੀ, ਇਕ ਪਸ਼ਤੋ ਅਤੇ ਇਕ ਇੰਡੀਅਨ (ਪਾਕਿਸਤਾਨ ਬਣਨ ਤੋਂ ਪਹਿਲਾਂ) ਸ਼ਾਮਲ ਹਨ।

ਉਹ ਪਾਕਿਸਤਾਨ ਫ਼ਿਲਮ ਸਨਅਤ ਦੇ ਇਤਿਹਾਸ ਵਿਚ ਪਹਿਲੇ ਦੋ ਦਹਾਕੇ ਸਭ ਤੋਂ ਵੱਧ ਸਫਲ ਫਿਲਮਾਂ ਦੇਣ ਵਾਲਾ ਪਹਿਲਾ ਅਦਾਕਾਰ ਬਣਿਆ। 1952 ਵਿਚ ਉਸਦੀ ਉਰਦੂ ਫ਼ਿਲਮ 'ਦੁਪੱਟਾ' ਰਿਲੀਜ਼ ਹੋਈ। 1952 ਵਿਚ ਹੀ ਰਿਲੀਜ਼ ਹੋਈ ਉਸਦੀ ਉਰਦੂ ਫ਼ਿਲਮ 'ਸੱਸੀ' ਪਹਿਲੀ ਅਜਿਹੀ ਫ਼ਿਲਮ ਸੀ ਜਿਸ ਨੇ ਗੋਲਡਨ ਜੁਬਲੀ ਮਨਾਈ। ਉਸ ਤੋਂ ਬਾਅਦ 1956 ਵਿਚ ਪੰਜਾਬੀ ਫ਼ਿਲਮ 'ਦੁੱਲਾ ਭੱਟੀ', 'ਮਾਹੀ ਮੁੰਡਾ' (1956) ਤੇ 'ਯੱਕੇ ਵਾਲੀ' (1957) ਉਸ ਜ਼ਮਾਨੇ ਦੀਆਂ ਸਭ ਤੋਂ ਵੱਧ ਕਮਾਈ ਕਰਨ ਵਾਲੀਆਂ ਪੰਜਾਬੀ ਫ਼ਿਲਮਾਂ ਬਣੀਆਂ। ਇਨ੍ਹਾਂ ਫ਼ਿਲਮਾਂ ਦੀ ਸਫਲਤਾ ਤੋਂ ਬਾਅਦ ਬਹੁਤ ਸਾਰੇ ਫ਼ਿਲਮ ਸਟੂਡੀਓ ਬਣਨ ਦੀ ਸ਼ੁਰੂਆਤ ਹੋਈ।

ਸੁਧੀਰ ਦੀ ਫ਼ਿਲਮ 'ਯੱਕੇ ਵਾਲੀ' ਪਾਕਿਸਤਾਨ ਦੀ ਪਹਿਲੀ ਪੰਜਾਬੀ ਫ਼ਿਲਮ ਸੀ ਜਿਸ ਨੇ ਗੋਲਡਨ ਜੁਬਲੀ ਮਨਾਈ ਅਤੇ ਦੂਸਰੀ ਬਲਾਕ ਬਸਟਰ ਫ਼ਿਲਮ ਬਣੀ। ਇਸ ਫ਼ਿਲਮ ਨੇ ਉਸ ਸਮੇਂ ਇੰਨੀ ਕਮਾਈ ਕੀਤੀ ਸੀ ਜਿਸ ਨੂੰ ਅੱਜ ਤਕ ਵੀ ਕੋਈ ਹੋਰ ਪਾਕਿਸਤਾਨੀ ਫ਼ਿਲਮ ਪਾਰ ਨਹੀਂ ਕਰ ਸਕੀ। ਸੁਧੀਰ ਦੀ ਹੀਰੋ ਦੇ ਤੌਰ 'ਤੇ ਉਰਦੂ ਫ਼ਿਲਮ 'ਬਾਗੀ' (1956) ਪਾਕਿਸਤਾਨ ਦੀ ਪਹਿਲੀ ਫ਼ਿਲਮ ਸੀ ਜਿਸ ਨੂੰ ਚੀਨ ਵਿਚ ਵੀ ਪ੍ਰਦਰਸ਼ਿਤ ਕੀਤਾ ਗਿਆ ਸੀ। ਉਸ ਨੇ ਫ਼ਿਲਮਾਂ 'ਨੂਰਾਂ' (1957) 'ਝੂਮਰ' (1959) ਅਤੇ 'ਗੁਲ ਬਕਾਵਲੀ' (1961) ਵਿਚ ਵੀ ਸ਼ਾਨਦਾਰ ਅਦਾਕਾਰੀ ਕੀਤੀ। ਉਸ ਦੀ ਪਛਾਣ ਭਾਵੇਂ ਐਕਸ਼ਨ ਹੀਰੋ ਦੇ ਤੌਰ 'ਤੇ ਬਣ ਚੁੱਕੀ ਸੀ, ਪਰ ਇਸ ਪਛਾਣ ਤੋਂ ਹਟ ਕੇ ਉਸ ਨੇ 1956 ਵਿਚ ਪ੍ਰਦਰਸ਼ਿਤ ਹੋਈ ਫ਼ਿਲਮ 'ਹਾਤਮਤਾਈ' ਵਿਚ ਹਾਤਿਮ ਦਾ ਕਿਰਦਾਰ, ਫ਼ਿਲਮ 'ਅਨਾਰਕਲੀ' (1958) ਵਿਚ ਸਲੀਮ, 'ਮਿਰਜ਼ਾ ਸਾਹਿਬਾਂ' (1956) ਵਿਚ ਮਿਰਜ਼ਾ ਜੱਟ, 1955 ਵਿਚ ਬਣੀ 'ਸੋਹਣੀ' ਵਿਚ ਮਹੀਵਾਲ ਅਤੇ ਫ਼ਿਲਮ 'ਗਾਲਿਬ' (1961) ਵਿਚ ਗਾਲਿਬ ਦਾ ਕਿਰਦਾਰ ਬੜੇ ਸ਼ਾਨਦਾਰ ਢੰਗ ਨਾਲ ਅਦਾ ਕੀਤਾ। 19 ਜੂਨ 1959 ਵਿਚ ਫਿਲਮਸਾਜ਼ ਤੇ ਹਦਾਇਤਕਾਰ ਸ਼ੈਫ-ਉ-ਦੀਨ ਸ਼ੈਫ ਦੀ ਪੰਜਾਬੀ ਕਲਾਸਿਕ ਫ਼ਿਲਮ 'ਕਰਤਾਰ ਸਿੰਘ' ਵਿਚ ਉਮਰਦੀਨ ਦਾ ਕਿਰਦਾਰ ਅਦਾ ਕੀਤਾ ਜੋ ਬਿਹਤਰੀਨ ਤੇ ਬੇਹੱਦ ਸਫਲ ਪੰਜਾਬੀ ਫ਼ਿਲਮਾਂ ਵਿਚ ਗਿਣੀ ਜਾਂਦੀ ਹੈ। ਅੱਜ ਇਹ ਫ਼ਿਲਮ ਪਾਕਿਸਤਾਨ ਦੀਆਂ ਕਲਾਸਿਕ ਫ਼ਿਲਮਾਂ ਵਿਚ ਸ਼ੁਮਾਰ ਕੀਤੀ ਜਾਂਦੀ ਹੈ। ਉਸਨੇ ਬ੍ਰਿਟਿਸ਼ ਰਾਜ 'ਤੇ ਬਣੀਆਂ ਫ਼ਿਲਮਾਂ 'ਫਰੰਗੀ' (1964) ਅਤੇ 'ਅਜ਼ਬ ਖਾਨ' (1961) ਵਿਚ ਬਿਹਤਰੀਨ ਅਦਾਕਾਰੀ ਕੀਤੀ। ਉਸ ਦੀ 1965 ਵਿਚ ਬਣੀ ਫ਼ਿਲਮ 'ਜੀਦਾਰ' ਨੇ ਪਲੈਟੀਨਮ ਜੁਬਲੀ ਮਨਾਈ। ਇਕ ਹੋਰ ਫ਼ਿਲਮ 'ਮਾਂ ਪੁੱਤਰ' (1970) ਨੇ ਵੀ ਪਲੈਟੀਨਮ ਜੁਬਲੀ ਮਨਾਈ ਸੀ। 1960 ਵਿਚ ਪ੍ਰਦਰਸ਼ਿਤ ਫ਼ਿਲਮ 'ਸਾਹਿਲ' ਵਿਚ ਉਸਨੇ ਅਸਲੀ ਸ਼ੇਰ ਨਾਲ ਲੜਾਈ ਦਾ ਦ੍ਰਿਸ਼ ਕੀਤਾ ਸੀ। ਉਸਨੇ 1978 ਵਿਚ ਆਪਣੇ ਵੱਡੇ ਪੁੱਤਰ ਸ਼ਾਹ ਜਮਾਨ ਨੂੰ ਹੀਰੋ ਦੇ ਤੌਰ 'ਤੇ ਲੈ ਕੇ ਉਰਦੂ ਫ਼ਿਲਮ 'ਦੁਸ਼ਮਨ ਕੀ ਤਲਾਸ਼' ਬਣਾਈ ਜਿਸ ਵਿਚ ਸੁਧੀਰ ਨੇ ਸਾਈਡ ਹੀਰੋ ਦਾ ਕਿਰਦਾਰ ਅਦਾ ਕੀਤਾ। 1970 ਵਿਚ ਫ਼ਿਲਮ 'ਮਾਂ ਪੁੱਤਰ' ਲਈ ਉਸ ਨੂੰ ਬੈਸਟ ਐਕਟਰ ਦਾ ਨਿਗਾਰ ਐਵਾਰਡ ਹਾਸਲ ਹੋਇਆ। 1974 ਵਿਚ ਇਕ ਵਾਰ ਫਿਰ ਪੰਜਾਬੀ ਫ਼ਿਲਮ 'ਲੁਟੇਰੇ' ਵਿਚ ਸ਼ਾਨਦਾਰ ਅਦਾਕਾਰੀ ਲਈ ਬੈਸਟ ਐਕਟਰ ਦਾ ਨਿਗਾਰ ਐਵਾਰਡ ਦਿੱਤਾ ਗਿਆ। ਉਸਨੂੰ ਸ਼ਾਨਦਾਰ ਫ਼ਿਲਮ ਕਰੀਅਰ ਲਈ ਸਪੈਸ਼ਲ ਨਿਗਾਰ ਐਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ। ਸੁਧੀਰ ਨੇ ਤਿੰਨ ਵਿਆਹ ਕਰਵਾਏ, ਪਹਿਲਾ ਵਿਆਹ ਆਪਣੇ ਖਾਨਦਾਨ ਵਿਚ ਹੀ ਕੀਤਾ ਜਿਸ ਤੋਂ ਉਸਦਾ ਪੁੱਤਰ ਨੂਰ ਜ਼ਮਾਨ ਖ਼ਾਨ ਫ਼ਿਲਮੀ ਨਾਂ ਸ਼ਾਹ ਜ਼ਮਾਨ ਹੋਇਆ। ਦੂਜਾ ਵਿਆਹ ਫ਼ਿਲਮ ਅਦਾਕਾਰਾ ਸੰਮੀ ਨਾਲ ਕੀਤਾ ਜਿਸ ਤੋਂ ਇਕ ਪੁੱਤਰ ਮੀਰ ਜ਼ਮਾਨ ਖ਼ਾਨ ਹੋਇਆ ਅਤੇ ਤੀਜਾ ਵਿਆਹ ਅਦਾਕਾਰਾ ਜ਼ੇਬਾ ਨਾਲ ਕੀਤਾ ਜੋ ਕੁਝ ਸਮੇਂ ਤਕ ਹੀ ਰਿਹਾ। 19 ਜਨਵਰੀ, 1997 ਵਿਚ 75 ਸਾਲ ਦੀ ਉਮਰ ਵਿਚ ਸੁਧੀਰ ਦਾ ਲਾਹੌਰ ਵਿਚ ਦੇਹਾਂਤ ਹੋ ਗਿਆ। ਫ਼ਿਲਮੀ ਦੁਨੀਆਂ ਦੇ ਲੋਕ ਉਸਨੂੰ ਪਿਆਰ ਨਾਲ ਲਾਲਾ ਸੁਧੀਰ ਕਹਿ ਕੇ ਬੁਲਾਇਆ ਕਰਦੇ ਸਨ। ਪਸ਼ਤੋ ਵਿਚ ਲਾਲਾ ਵੱਡੇ ਭਰਾ ਨੂੰ ਕਿਹਾ ਜਾਂਦਾ ਹੈ।

# ਆਰ ਐੱਸ ਐੱਸ ਦੇ ਘੁਸਪੈਠੀਏ

ਕਈ ਵਾਰੀ ਮਨ ਵਿਚ ਖਿਆਲ ਆਉਂਦਾ ਹੈ ਕਿ ਸਿੱਖਾਂ ਨੂੰ ਹਿੰਦੂ ਕਿਉਂ ਕਿਹਾ ਜਾਂਦਾ ਹੈ। ਇਹ ਮੈਂ ਉਦੋਂ ਦਾ ਹੀ ਸੁਣਦਾ ਆ ਰਿਹਾ ਹਾਂ ਜਦੋਂ ਦੀ ਸੁਰਤ ਸੰਭਾਲੀ ਹੈ। ਇੱਥੇ ਕਨੇਡਾ ਵਿਚ ਵੀ ਪਹਿਲਾਂ ਸਭ ਨੂੰ ਗੋਰੇ ਨਫਰਤ ਨਾਲ ਹਿੰਦੂ ਹੀ ਕਹਿੰਦੇ ਸਨ। ਸੰਨ 1984 ਤੋਂ ਬਾਅਦ ਮੀਡੀਏ ਵਿਚ ਸਿੱਖਾਂ ਦੀਆਂ ਕਾਫੀ ਖਬਰਾਂ ਆਉਣ ਦੇ ਕਾਰਣ ਇੱਥੋਂ ਦੇ ਰਹਿਣ ਵਾਲੇ ਲੋਕ ਇਹ ਤਾਂ ਸਮਝਣ ਲੱਗ ਪਏ ਕੇ ਸਿੱਖ ਹਿੰਦੂ ਨਹੀਂ ਹਨ ਵੱਖਰੇ ਹਨ ਪਰ ਹੈਨ ਅੱਤਵਾਦੀ ਰੁਚੀਆਂ ਦੇ ਮਾਲਕ। ਪਿਛਲੇ 18 ਸਾਲਾਂ ਤੋਂ ਏਅਰ ਇੰਡੀਆ ਹਾਦਸੇ ਦੀ ਜਦੋਂ ਵੀ ਕੋਈ ਖਬਰ ਆਉਂਦੀ ਹੈ ਤਾਂ ਕਨੇਡਾ ਵਿਚ ਹੁਣ ਤੱਕ ਸਭ ਤੋਂ ਘਿਨਾਉਣਾ ਕਾਰਨਾਮਾ ਦੱਸ ਕੇ ਸਿੱਖਾਂ ਦਾ ਨਾਮ ਲਿਆ ਜਾਂਦਾ ਹੈ। ਹੁਣ ਜੋ ਕੇਸ ਚੱਲ ਰਿਹਾ ਹੈ, ਜੋ ਕੁਝ ਕੋਰਟ ਵਿਚ ਹੋ ਰਿਹਾ ਹੈ ਉਸ ਨੂੰ ਸੁਣ ਕੇ ਹਰ ਸੂਝਵਾਨ ਸਿੱਖ ਸ਼ਰਮ ਮਹਿਸੂਸ ਕਰਦਾ ਹੈ।

ਖੈਰ ! ਗੱਲ ਹੋਰ ਪਾਸੇ ਚਲੇ ਗਈ। ਹੁਣ ਵੀ ਜਦੋਂ ਕੋਈ ਮੀਡੀਏ ਵਿਚ ਧਰਮਾਂ ਦੀ ਕਿਸੇ ਚੰਗੀ ਵੀਚਾਰ ਵਾਰੇ ਚਰਚਾ ਚੱਲਦੀ ਹੈ ਤਾਂ ਸਿੱਖ ਧਰਮ ਦਾ ਨਾਮ ਬਹੁਤ ਘੱਟ ਸੁਣਨ ਨੂੰ ਮਿਲਦਾ ਹੈ। ਕੁੱਝ ਸਾਲ ਪਹਿਲਾਂ ਮਨ ਵਿਚ ਵੀਚਾਰ ਆਇਆ ਕਿ ਦੁਨੀਆਂ ਦੇ ਇਨਸਾਈਕਲੋਪੀਡੀਆ ਵਿਚ ਦੇਖਣਾ ਚਾਹੀਦਾ ਹੈ ਕਿ ਸਿੱਖ ਧਰਮ ਵਾਰੇ ਕੀ ਲਿਖਿਆ ਹੈ। ਤਿੰਨ ਇਨਸਾਈਕਲੋਪੀਡੀਏ ਮੇਰੇ ਕੋਲ ਸੀਡੀ ਰੋਮ ਵਾਲੇ ਸਨ ਅਤੇ ਕੁੱਝ ਲਾਇਬਰੇਰੀ ਵਿਚ ਜਾ ਕੇ ਦੇਖੇ, ਤਾਂ ਕੀ ਦੇਖਿਆ ? ਤਕਰੀਬਨ ਸਭ ਵਿਚ ਰਲਦਾ ਮਿਲਦਾ ਇਹੀ ਲਿਖਿਆ ਸੀ ਕਿ ਸਿੱਖ ਧਰਮ ਹਿੰਦੂ ਧਰਮ ਦੀ ਹੀ ਇੱਕ ਬਰਾਂਚ ਜਾਂ ਟਾਹਣੀ ਹੈ। ਸ਼ਾਇਦ ਹਾਲੇ ਵੀ ਇਸੇ ਤਰ੍ਹਾਂ ਹੀ ਹੋਵੇ। ਲੱਗ-ਪੱਗ ਸਾਰੇ ਹਿੰਦੂ ਲੀਡਰ ਅਤੇ ਖਾਸ ਕਰਕੇ ਆਰਥ ਐੱਸ਼ ਐੱਸ਼ ਵਾਲੇ ਸਿੱਖਾਂ ਨੂੰ ਹਿੰਦੂਆਂ ਦਾ ਹੀ ਇੱਕ ਹਿੱਸਾ ਮੰਨਦੇ ਹਨ। ਇਸ ਤਰ੍ਹਾਂ ਦੇ ਉਨ੍ਹਾਂ ਦੇ ਬਿਆਨ ਆਮ ਹੀ ਅਖਬਾਰਾਂ ਵਿਚ ਛਪਦੇ ਰਹਿੰਦੇ ਹਨ। ਹਾਲੇ ਕੱਲ ਹੀ ਤੋਗੜੀਆ ਦਾ ਇਸ ਤਰ੍ਹਾਂ ਦਾ ਬਿਆਨ ਛਪਿਆ ਸੀ ਅਤੇ ਅਕਾਲੀ ਲੀਡਰਾਂ ਨੇ ਰਸਮੀਂ ਤੌਰ ਤੇ ਇਸ ਦੀ ਨਿਖੇਧੀ ਵੀ ਕਰ ਦਿੱਤੀ ਸੀ। ਉਹ ਦਸਮ ਗ੍ਰੰਥ ਦਾ ਪ੍ਰਚਾਰ ਵੀ ਬੜੇ ਜੋਰ ਸ਼ੋਰ ਨਾਲ ਕਰਦੇ ਹਨ। ਉਹ ਇਹ ਗੱਲ ਬੜੇ ਮਾਣ ਨਾਲ ਕਹਿੰਦੇ ਹਨ ਕਿ ਪੰਜਾਬ ਤੋਂ ਬਾਹਰਲੇ ਦੋ ਤਖ਼ਤਾਂ ਉਪਰ ਦਸਮ ਗ੍ਰੰਥ ਦਾ ਪ੍ਰਕਾਸ਼ ਹੁੰਦਾ ਹੈ। ਇਸ ਲਈ ਸਿੱਖ ਹਿੰਦੂ ਹੀ ਹਨ, ਕਿਉਂਕਿ ਦਸਮ ਗ੍ਰੰਥ ਵਿਚ ਹਿੰਦੂਆਂ ਦੇ 24 ਅਵਤਾਰਾਂ ਦੀ ਕਥਾ ਹੈ ਅਤੇ ਬਚਿੱਤਰ ਨਾਟਕ ਵਿਚ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਹੀ ਆਪਣਾ ਪਿਛਲੇ ਜਨਮ ਦਾ ਸੰਬੰਧ ਰਾਮ ਚੰਦਰ ਜੀ ਦੀ ਕੁੱਲ ਵਿਚੋਂ ਹੋਣਾਂ ਲਿਖਿਆ ਹੈ।

ਜਦੋਂ ਗਿਆਨੀ ਪੂਰਨ ਸਿੰਘ ਨੂੰ ਅਕਾਲ ਤਖ਼ਤ ਦਾ ਸੇਵਾਦਾਰ (ਜਥੇਦਾਰ) ਬਣਾਇਆ ਗਿਆ ਤਾਂ ਆਰਥ ਐੱਸ਼ ਐੱਸ਼ ਦੀਆਂ ਤਾਂ ਪੌਂ ਬਾਰਾਂ ਹੋ ਗਈਆਂ, ਉਨ੍ਹਾਂ ਨੂੰ ਤਾਂ ਇਉਂ ਜਾਪਦਾ ਸੀ ਜਿਵੇਂ ਕਿ ਉਨ੍ਹਾਂ ਦੀਆਂ ਪੰਜੇ ਉਂਗਲ੍ਹਾਂ ਘਿਓ ਵਿਚ ਹੋਵਣ। ਗਿਆਨੀ ਪੂਰਨ ਸਿੰਘ ਤਾਂ ਪਹਿਲਾਂ ਵੀ ਆਰਥ ਐੱਸ਼ ਐੱਸ਼ ਦੇ ਸਮਾਗਮਾਂ ਤੇ ਜਾ ਕੇ ਬੋਲਦਾ ਹੁੰਦਾ ਸੀ, ਹੁਣ ਤਾਂ ਉਸ ਨੇ ਸ਼ਰੇਆਮ ਹੀ ਇਹ ਕਹਿਣਾਂ ਸ਼ੁਰੂ ਕਰ ਦਿੱਤਾ ਕਿ ਮੇਰੇ ਨਾਲ ਕੋਈ ਬਹਿਸ ਕਰਕੇ ਦੇਖ ਲਵੇ, "ਸਿੱਖ ਲਊ ਕੁਸ਼ੂ ਦੀ ਔਲਾਦ ਹਨ"। ਅਤੇ ਇਹ ਸਾਰਾ ਕੁੱਝ ਦਸਮ ਗ੍ਰੰਥ ਦੇ ਬਚਿੱਤਰ ਨਾਟਕ ਵਿਚ ਲਿਖਿਆ ਹੋਇਆ ਹੈ। ਇਹ ਗੱਲ ਤਾਂ ਉਸ ਦੀ ਬਿੱਲਕੁੱਲ ਠੀਕ ਸੀ। ਪਰ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਸਾਰੇ ਦਸਮ ਗ੍ਰੰਥ ਨੂੰ ਦਸਮੇਂ ਗੁਰੂ ਦੀ ਕ੍ਰਿਤ ਮੰਨਣ ਵਾਲੇ ਵੀ ਹਿੱਕ ਤਾਣ ਕੇ ਉਸ ਦੇ ਹੱਕ ਵਿਚ ਨਹੀਂ ਖਲੋਏ। ਇਹ ਤਾਂ ਕੀ ਉਸ ਦੇ ਲਈ ਮਾੜਾ ਮੋਟਾ ਹਾਂ ਦਾ ਨਾਹਰਾ ਵੀ ਨਾਂ ਮਾਰਿਆ। ਬਹੁਤੇ ਵਿਦਵਾਨ ਅਤੇ ਮੈਗਜ਼ੀਨ ਜਿਹੜੇ ਦਸਮ ਗ੍ਰੰਥ ਦੇ ਹੱਕ ਵਿਚ ਲਿਖਦੇ ਸਨ, ਉਨ੍ਹਾਂ ਨੇ ਵੀ ਇਸ ਦੀ ਵਿਰੋਧਤਾ ਹੀ ਕੀਤੀ, ਪਤਾ ਨਹੀਂ ਕਿਉਂ ? ਇਹ ਸ਼ਖਸ਼ ਹੁਣ ਵੀ ਸਾਡੇ ਸਭ ਤੋਂ ਪਵਿੱਤਰ ਕੇਂਦਰੀ ਸਥਾਨ ਵਿਚ ਹੈੱਡ ਗ੍ਰੰਥੀ ਹੈ ਜਿਸ ਤੋਂ ਤੁਸੀਂ ਆਪ ਹੀ ਅੰਦਾਜਾ ਲਗਾ ਸਕਦੇ ਹੋ ਕਿ ਆਰਥ ਐੱਸ਼ ਐੱਸ਼ ਦੀ ਘੁਸਪੈਠ ਕਿੱਥੋਂ ਤੱਕ ਹੋ ਚੁੱਕੀ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕੌਣ ਚਲਾ ਰਿਹਾ ਹੈ ਅਤੇ ਹੁਕਮਨਾਮਿਆਂ ਪਿਛੇ ਕਿਸ ਦਾ ਹੱਥ ਹੈ।

ਕੀ ਬਚਿੱਤਰ ਨਾਟਕ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾਂ ਹੈ ? ਇਸ ਵਾਰੇ ਅਸੀਂ ਕੁੱਝ ਹਵਾਲੇ ਹਰਿੰਦਰ ਸਿੰਘ ਮਹਿਬੂਬ ਦੀ ਕਿਤਾਬ 'ਸਹਿਜੇ ਰਚਿਓ ਖਾਲਸਾ' ਵਿਚੋਂ ਲਿਖ ਰਹੇ ਹਾਂ, ਸੋਚ ਵੀਚਾਰ ਤੁਸੀਂ ਆਪ ਹੀ ਕਰ ਲੈਣੀਂ।

ਦਸਮ ਗ੍ਰੰਥ ਦੀ ਕੱਚੀ ਬਾਣੀ ਨੂੰ ਦਸਮ ਪਿਤਾ ਨਾਲ ਸੰਬੰਧਤ ਕਰਨ ਦੇ ਅਪਰਾਧ ਦੇ ਵਿਰੁੱਧ ਖ਼ਾਲਸਾ ਜੀ ਨੇ ਅਵਾਜ਼ ਤਾਂ ਉਠਾਈ, ਪਰ ਇਸ ਨੂੰ ਪੱਕੇ ਤੌਰ ਉੱਤੇ ਦੂਰ ਕਰਨ ਲਈ ਕੋਈ ਸਹੀ ਕਦਮ ਨਾਂਹ ਉਠਾਇਆ। ਭਾਵੇਂ ਸਾਰੇ ਪੰਥ ਨੇ ਇਕ ਅਵਾਜ਼ ਹੋ ਕੇ ਕਦੇ ਵੀ 'ਦਸਮ ਗ੍ਰੰਥ' ਨੂੰ ਕਲਗੀਆਂ ਵਾਲੇ ਦਾ ਦੈਵੀ ਆਵੇਸ਼ ਨਹੀਂ ਮੰਨਿਆਂ। ਮੇਰੇ ਖਿਆਲ ਵਿਚ ਇਹ ਉਸ ਦੇ ਜਿਉਂਦੇ ਹੋਣ ਦੀ ਨਿਸ਼ਾਨੀ ਹੈ। ਪੰਨਾਂ 700।

'ਬਚਿੱਤਰ ਨਾਟਕ' ਦਾ ਕਰਤਾ ਮੁਹੰਮਦ ਸਾਹਿਬ ਨੂੰ ਗੋਰਖ ਨਾਥ ਅਤੇ ਰਾਮਾ ਨੰਦ ਤੋਂ ਪਿਛੋਂ ਹੋਇਆ ਮੰਨਦਾ ਹੈ, ਹਾਲਾਂਕਿ ਉਨ੍ਹਾਂ ਦਾ ਜਨਮ ਇਸਲਾਮ ਦੇ ਪੈਗੰਬਰ ਨਾਲੋਂ ਕਈ ਸਦੀਆਂ ਪਿਛੋਂ ਹੋਇਆ ਹੈ। ਗੋਰਖ ਨਾਥ ਅਤੇ ਰਾਮਾ ਨੰਦ ਵੇਲੇ ਤਾਂ ਮੁਹੰਮਦ ਸਾਹਿਬ ਦੇ ਮਜ਼੍ਹਬ ਨੇ ਹਿੰਦੋਸਤਾਨ ਵਿਚ ਆਪਣੀਆਂ ਸਿਆਸੀ ਜੜ੍ਹਾਂ ਵੀ ਲਾ ਲਈਆਂ ਸਨ, ਪਰ ਬਚਿੱਤ੍ਰ ਨਾਟਕ ਦੇ ਕਰਤਾ ਆਪਣੇ ਅਗਿਆਨ ਵੱਸ ਅਜਿਹਾ ਫਰਮਾਉਂਦੇ ਹਨ। ਪੰਨਾਂ 717।

'ਬਚਿੱਤ੍ਰ ਨਾਟਕ' ਦਾ ਕਰਤਾ ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਤੋਂ ਪੂਰੀ ਤਰ੍ਹਾਂ ਅਨਜਾਣ ਹੈ। ਪੰਨਾਂ 717।

'ਬਚਿੱਤ੍ਰ ਨਾਟਕ' ਦੇ ਕਰਤਾ ਨੂੰ ਗੁਰੂ ਹਰਿਗੋਬਿੰਦ ਸਾਹਿਬ ਅਤੇ ਮੁਗਲਾਂ ਵਿਚਕਾਰ ਹੋਈਆਂ ਲੜਾਈਆਂ ਵਾਰੇ ਜਾਂ ਤਾਂ ਬਿਲਕੁਲ ਪਤਾ ਨਹੀਂ, ਜਾਂ ਜੇ ਉਸ ਨੂੰ ਥੋੜੀ ਬਹੁਤੀ ਖਬਰ ਹੈ, ਤਾਂ ਉਹ ਉਸ ਲਈ ਅੱਧ-ਸੁਣੀ ਗੱਲ ਵਾਂਗ ਹੈ। ਪੰਨਾਂ 719।

'ਬਚਿੱਤ੍ਰ ਨਾਟਕ' ਦਾ ਕਰਤਾ ਭੁਲੇਖੇ ਵੱਸ ਇਹ ਸਮਝ ਰਿਹਾ ਹੈ, ਕਿ ਆਨੰਦਪੁਰ ਵਿਚ ਗੁਰੂ ਸਾਹਿਬ ਭੰਗਾਣੀ ਦੇ ਯੁੱਧ ਪਿੱਛੋਂ ਆ ਕੇ ਵਸੇ ਸਨ। ਪੰਨਾਂ 721।

'ਬਚਿੱਤ੍ਰ ਨਾਟਕ' ਵਿਚ ਵਰਣਿਤ ਭੰਗਾਣੀ ਦੇ ਯੁੱਧ ਵਿਚ ਉਨ੍ਹਾਂ ਪਠਾਣਾਂ ਦਾ ਸਮਾਚਾਰ ਸਾਫ਼ ਤੌਰ ਉੱਤੇ ਮਿਲਦਾ ਹੈ, ਜਿਹੜੇ ਗੁਰੂ ਸਾਹਿਬ ਨੂੰ ਧੋਖਾ ਦੇ ਕੇ ਪਹਾੜੀ ਰਾਜਿਆਂ ਨਾਲ ਜਾ ਮਿਲੇ ਸਨ। ਯੁੱਧ ਦਾ ਨਕਸ਼ਾ ਆਦਿ ਤੋਂ ਅੰਤ ਤੱਕ ਪੂਰੇ ਵਿਸਥਾਰ ਨਾਲ ਖਿੱਚਿਆ ਗਿਆ ਹੈ, ਪਰ ਇਸ ਵਿਚ ਪੀਰ ਬੁੱਧੂ ਸ਼ਾਹ ਦੀ ਸ਼ਮੂਲੀਅਤ ਦਾ ਜ਼ਿਕਰ ਸੰਕੇਤ ਮਾਤਰ ਵੀ ਨਹੀਂ ਦਿੱਤਾ ਗਿਆ। ਭੰਗਾਣੀ ਦੇ ਯੁੱਧ ਵਿਚ ਪੀਰ ਹੋਰਾਂ ਦੇ ਸੱਤ ਸੌ ਮਰੀਦ ਅਤੇ ਦੋ ਪੁੱਤਰ ਦੁਸ਼ਮਣਾਂ ਨਾਲ ਲੜਦੇ ਸ਼ਹੀਦ ਹੋਏ ਸਨ। --- ਇਹ ਹੋ ਨਹੀਂ ਸਕਦਾ, ਕਿ ਹਜ਼ੂਰ ਭੰਗਾਣੀ ਦੇ ਯੁੱਧ ਦੀਆਂ ਸਵਾ ਸੌ ਸਤਰਾਂ ਵਿਚ ਮਾਮੂਲੀ ਯੁੱਧ ਨਾਇਕਾਂ ਤਕ ਦਾ ਜ਼ਿਕਰ ਕਰਨ, ਪਰ ਪੀਰ ਬੁੱਧੂ ਸ਼ਾਹ ਦੇ ਪੁੱਤਰਾਂ ਅਤੇ ਪਿਆਰੇ ਮੁਰੀਦਾਂ ਦੀਆਂ ਸ਼ਹੀਦੀਆਂ ਵਾਰੇ ਇਕ ਅੱਖਰ ਵੀ ਨਾਂਹ ਲਿਖਣ। ਸਚਾਈ ਇਹ ਹੈ, ਕਿ 'ਬਚਿੱਤ੍ਰ ਨਾਟਕ' ਦਾ ਅਸਲ ਕਰਤਾ ਇਕ ਤੁੱਛ ਕਵੀ ਹੋਣ ਦੇ ਨਾਲ ਨਾਲ ਸ਼ਖਸ਼ੀਅਤ ਪੱਖੋਂ ਵੀ ਬਹੁਤ ਤੁਛ ਹੈ। ਉਸ ਦੀ ਬਿਪਰ-ਸੰਸਕਾਰੀ ਚੇਤਨਾਂ ਲਈ ਇਹ ਸੰਭਵ ਨਹੀਂ, ਕਿ ਉਹ ਜੰਗ ਵਿਚ ਇਕ ਮੁਸਲਮਾਨ ਫਕੀਰ ਦਾ ਰੂਹਾਨੀ ਜਲਾਲ ਚਿਤ੍ਰਣ ਦੀ ਦਲੇਰੀ ਕਰ ਸਕੇ। --- ਇਥੋਂ ਇਹ ਸਚਾਈ ਤਾਂ ਜ਼ਾਹਰ ਹੁੰਦੀ ਹੈ ਨਾਂਹ, ਕਿ 'ਬਚਿੱਤ੍ਰ ਨਾਟਕ' ਦੇ ਕਰਤਾ ਗੁਰੂ ਗੋਬਿੰਦ ਸਿੰਘ ਨਹੀਂ ਸਨ, ਕੋਈ ਹੋਰ ਸਨ। ਪੰਨਾਂ 721-22।

'ਬਚਿੱਤ੍ਰ ਨਾਟਕ' ਦੇ ਕਰਤਾ ਨੂੰ ਗੁਰੂ ਅੰਗਦ ਸਾਹਿਬ ਅਤੇ ਗੁਰੂ ਅਮਰਦਾਸ ਦੇ ਗੁਰੂ ਬਨਣ ਤੋਂ ਪਹਿਲਾਂ ਦੇ ਗੋਤਾਂ ਦੀ ਜਾਣਕਾਰੀ ਨਹੀਂ। ਪੰਨਾਂ 722।

ਕਹਿੰਦੇ ਹਨ ਕਿ ਸਿਆਣੇ ਨੂੰ ਤਾਂ ਇਸ਼ਾਰਾ ਹੀ ਕਾਫੀ ਹੈ ਪਰ ਮੂਰਖ ਨੂੰ ਜਿਤਨਾਂ ਮਰਜੀ ਸਮਝਾ ਲਓ ਉਸ ਨੇ ਨਹੀਂ ਮੰਨਣਾ ਹੁੰਦਾ। ਸਿਆਣੇ ਪਾਠਕ ਤਾਂ ਉਪਰ ਦਿੱਤੀਆਂ ਕੁੱਝ ਮਿਸਾਲਾਂ ਨਾਲ ਹੀ ਸਮਝ ਗਏ ਹੋਣਗੇ ਕਿ ਇਹ ਲਿਖਤ ਗੁਰੂ ਗੋਬਿੰਦ ਸਿੰਘ ਜੀ ਦੀ ਨਹੀਂ, ਕਿਸੇ ਬਿਪਰ ਦੀ ਹੈ। ਬਹੁਤੇ ਵਿਦਵਾਨ ਲਿਖਾਰੀ ਇਤਿਹਾਸ ਲਿਖਣ ਲਗਿਆਂ ਬਿਨਾਂ ਕਿਸੇ ਖੋਜ ਤੋਂ ਹੀ ਕਈ ਵਾਰੀ ਪ੍ਰਚਲਤ ਖਿਆਲਾਂ ਅਨੁਸਾਰ ਲਿਖੀ ਜਾਂਦੇ ਹਨ ਅਤੇ ਜਦੋਂ ਅਸਲੀਅਤ ਦਾ ਪਤਾ ਲੱਗਦਾ ਹੈ ਤਾਂ ਉਨ੍ਹਾਂ ਦੇ ਖਿਆਲ ਵੀ ਬਦਲ ਜਾਂਦੇ ਹਨ। ਜਿਹੜੇ ਇਸ ਸੰਸਾਰ ਵਿਚ ਨਹੀਂ ਰਹੇ ਉਨ੍ਹਾਂ ਵਾਰੇ ਤਾਂ ਕੁੱਝ ਨਹੀਂ ਕਿਹਾ ਜਾ ਸਕਦਾ ਪਰ ਜਿਹੜੇ ਹਾਲੇ ਹਨ ਉਨ੍ਹਾਂ ਵਿਚੋਂ ਇਕ ਦੀ ਮਿਸਾਲ ਮੈਂ ਇਥੇ ਲਿਖਦਾ ਹਾਂ, ਹੋਰਨਾਂ ਵਾਰੇ ਤਾਂ ਮੈਂ ਕੁਝ ਕਹਿ ਨਹੀਂ ਸਕਦਾ। ਜਦੋਂ ਗੁਰਬਖਸ਼ ਸਿੰਘ ਕਾਲਾ ਅਫਗਾਨਾਂ ਨੂੰ ਗੁਰਮਤਿ ਦਾ ਕੋਈ ਬਹੁਤਾ ਗਿਆਨ ਨਹੀਂ ਸੀ ਤਾਂ ਉਹ ਦਸਮ ਗ੍ਰੰਥ ਨੂੰ ਅਤੇ ਜਰਨੈਲ ਸਿੰਘ ਭਿੰਡਰਾਂ ਵਾਲੇ ਨੂੰ ਠੀਕ ਕਹਿੰਦਾ ਸੀ। ਉਹ ਦਸਮ ਗ੍ਰੰਥ ਦੀ ਕਥਾ ਵੀ ਸੁਣਿਆਂ ਕਰਦਾ ਸੀ। ਕਨੇਡਾ ਆ ਕੇ ਉਸ ਨੇ ਭਿੰਡਰਾਂ ਵਾਲੇ ਦੇ ਹੱਕ ਵਿਚ ਕਈ ਲੇਖ ਵੀ ਲਿਖੇ ਸਨ। ਹੁਣ ਉਸ ਦੇ ਕੀ ਖਿਆਲ ਹਨ, ਇਹ ਪਾਠਕਾਂ ਨੇ ਉਨ੍ਹਾਂ ਦੀਆਂ ਕਿਤਾਬਾਂ ਵਿਚ ਅਤੇ ਇੰਟਰਨਿੱਟ ਤੇ ਪੜ੍ਹ ਹੀ ਲਿਆ ਹੋਵੇਗਾ। ਦਰਅਸਲ ਦਸਮ ਗ੍ਰੰਥ ਅਤੇ ਖਾਸ ਕਰਕੇ ਬਚਿੱਤਰ ਨਾਟਕ ਸਿੱਖਾਂ ਨੂੰ ਹਿੰਦੂ ਬਣਾਉਣ ਦੀ ਇਕ ਬਹੁਤ ਵੱਡੀ ਸਾਜਿਸ਼ ਹੈ। ਇੱਕ ਪਾਸੇ ਤਾਂ ਅਸੀਂ ਇਹ ਕਹਿੰਦੇ ਹਾਂ ਕਿ ਸਿੱਖ ਇੱਕ ਵੱਖਰੀ ਕੌਮ ਹੈ ਅਤੇ ਦੂਜੇ ਪਾਸੇ ਸਾਰਾ ਜੋਰ ਸਾਰੇ ਦਸਮ ਗ੍ਰੰਥ ਨੂੰ ਗੁਰੂ ਜੀ ਦੀ ਰਚਨਾਂ ਸਿੱਧ ਕਰਨ ਤੇ ਲੱਗਾ ਹੋਇਆ ਹੈ। ਗੁਰੂ ਨਾਨਕ ਦੇਵ ਜੀ ਰਾਮ ਚੰਦਰ ਨੂੰ ਰੋਂਦਾ ਲਿਖਦੇ ਹਨ

# ਵੰਨ-ਸੁਵੰਨ

## ਨੂੰਹ ਸੱਸ ਦਾ ਅਟੁੱਟ ਪਿਆਰ



ਨੂੰਹ ਵੀ ਕਿਸੇ ਦੀ ਧੀ ਹੁੰਦੀ ਹੈ ਫਰਕ ਸਿਰਫ ਇੰਨਾ ਹੁੰਦਾ ਹੈ। ਕੁੜੀ ਵਿਆਹ ਕੇ ਸਹੁਰੇ ਘਰ ਤੋਰਨੀ ਪੈਂਦੀ ਹੈ। ਬੱਸ ਸ਼ਬਦ ਹੀ ਬਦਲੀ ਹੁੰਦੇ ਹਨ ਬਾਕੀ ਕੁਝ ਨਹੀਂ। ਕਿਉਂਕਿ ਧੀਆਂ ਤਾਂ ਰਾਜੇ ਮਹਾਰਾਜੇ ਵੀ ਆਪਣੇ ਘਰ ਵਿਚ ਨਹੀਂ ਰੱਖ ਸਕੇ । ਹੁਣ ਗੱਲ ਜੇ ਕਰੀਏ ਤਾਂ ਅੱਜ ਨਹੀਂ ,ਜਦੋਂ ਦੀ ਸਮਾਜ ਦੀ ਸਿਰਜਣਾ ਹੋਈ ਹੋਵੇਗੀ. ਉਸ ਸਮੇ ਤੋਂ ਹੀ ਲੋਕ ਕੁਝ ਤਾਂ ਜ਼ਬਾਨ ਬੋਲਦੇ ਹੋਣਗੇ । ਜਬਾਨ ਤੋਂ ਬਾਹਦ ਬੋਲ ਤੇ ਬੋਲ ਤੋਂ ਬਾਹਦ ਬੋਲੀਆਂ। ਜੋ ਸਮਾਜ ਦੇ ਸਿਰ ਚੜ੍ਹਕੇ ਬੋਲਦੀਆਂ ਹਨ। ਖਾਸ ਕਰਕੇ ਜੇ ਅਸੀਂ ਗੱਲ ਪੰਜਾਬ ਜਾਂ ਪੰਜਾਬੀ ਦੀ ਕਰੀਏ। ਤਾਂ ਇੱਥੇ ਸੱਸ ਨੂੰ ਹਊਆ ਹੀ ਸਮਝਿਆ ਜਾਂਦਾ ਹੈ। ਸਾਡੇ ਲੋਕ ਗੀਤ ਵੀ ਕੋਈ ਵੀ ਸੱਸ ਦੇ ਹੱਕ ਵਿਚ ਵਕਾਲਤ ਨਹੀਂ ਕਰਦੇ। ਸਗੋਂ ਤਾਹਨੇ ਮਿਹਣੇ ਤੇ ਨਫਰਤ ਭਰੀਆਂ ਬੋਲੀਆਂ ਹੀ ਬੋਲਦੇ ਹਨ । ਪਤਾ ਨਹੀਂ ਕਿਹੜੇ ਕਿਹੜੇ ਸ਼ਬਦਾਂ ਨਾਲ ਕੁੜੀਆਂ ਸੱਸ ਨੂੰ ਨਿਵਾਜਦੀਆਂ ਹਨ। ਜਿਹਨਾਂ ਦਾ ਮੈ ਜਿਕਰ ਆਪਣੇ ਇਸ ਲੇਖ ਵਿਚ ਨਹੀਂ ਕਰਨਾ ਚਹੁੰਦਾ। ਕਿਉਂਕਿ ਅੱਜ ਕਲ ਦੀ ਪੀੜ੍ਹੀ ਚੰਗੀ ਗੱਲ ਘੱਟ ਹੀ ਅਪਣਾਉਂਦੀ ਹੈ। ਸਗੋਂ ਮਾੜੀ ਗੱਲ ਨੂੰ ਬਹੁਤ ਜਲਦੀ ਅਪਨਾਉਣ ਦੀ ਕੋਸਿਸ ਕਰਦੀ ਹੈ। ਜੇ ਕਰ ਗੱਲ ਡਰ ਦੀ ਕਰੀਏ ਤਾਂ ਭੂਤ ਪ੍ਰੇਤ ਸ਼ਾਇਦ ਕਿਸੇ ਨੇ ਹੀ ਵੇਖਿਆ ਹੋਵੇ। ਜਿਹੜਾ ਕਹਿੰਦਾ ਵੀ ਹੋਊ ਕਿ ਮੈ ਵੇਖਿਆ ਹੈ। ਉਹ ਵੀ ਉਸ ਦਾ ਝੂਠ ਹੀ ਹੁੰਦਾ ਹੈ ,ਕਿਉਂਕਿ ਹਵਾ ਕਿਸੇ ਨੂੰ ਦਿਖਾਈ ਨਹੀਂ ਦਿੰਦੀ। ਮਨ ਵਿੱਚ ਇਕ ਵਹਿਮ ਜਰੂਰ ਬਣਿਆ ਰਹਿੰਦਾ ਹੈ ਕਿ ਫਲਾਣੀ ਥਾਂ ਭੂਤਾਂ ਪ੍ਰੇਤਾਂ ਦਾ ਵਾਸਾ ਹੈ। ਕਿਉਂਕਿ ਦੁਨੀਆਂ ਵਿੱਚ ਜਿਉਂਦੇ ਜਾਗਦੇ ਭੂਤਾਂ ਪ੍ਰੇਤਾਂ ਦਾ ਕੋਈ ਘਾਟਾ ਨਹੀਂ ਹੈ। ਵਹਿਮੀ ਬਾਬੇ ਵਹਿਮਾਂ ਭਰਮਾਂ ਦਾ ਖਟਿਆ ਹੀ ਖਾਂਦੇ ਹਨ। ਉਹੋ ਹੀ ਗੱਲ ਨੂੰਹ ਸੱਸ ਦੇ ਰਿਸਤੇ ਤੇ ਢੁਕਦੀ ਹੈ। ਕੁੜੀ ਨੇ ਅਜੇ ਸੱਸ ਦਾ ਮੂੰਹ ਵੀ ਨਹੀਂ ਵੇਖਿਆ ਹੁੰਦਾ। ਪਰ ਉਸ ਬਾਰੇ ਪਹਿਲਾਂ ਹੀ ਬੁਰਾ ਭਲਾ ਬੋਲਣਾ ਸ਼ੁਰੂ ਕਰ ਦਿੰਦੀ ਹੈ ।"ਸੱਸ ਜਾਂ ਤਾਂ ਚੰਗੀ ਹੋਵੇ ਜਾਂ ਫਿਰ ਫੋਟੋ ਟੰਗੀ ਹੋਵੇ"ਇਹ ਕੋਈ ਸਾਡੇ ਸਮਾਜ ਵਾਸਤੇ ਚੰਗਾ ਸੁਨੇਹਾ ਨਹੀਂ। ਮੇਰੀ ਤਾਂ ਮਾਂ ਬਸ ਮੇਰੀ ਮਾਂ ਹੈ ਤੇਰੀ ਮਾਂ ਤਾਂ ਨਿਰੀ ਚੁੜੇਲ ਹੈ। ਭਲਾ ਕੋਈ ਪੁੱਛਣ ਵਾਲਾ ਹੋਵੇ ਕਿ ਚੁੜੇਲ ਕਿਸੇ ਨੇ ਵੇਖੀ ਹੈ । ਬਸ ਸੁਣੀਆਂ ਸੁਣਾਈਆਂ ਹੀ ਗੱਲਾਂ ਹਨ। ਇੱਧਰ ਮੁੰਡੇ ਦੀ ਮਾਂ ਆਪਣੀ ਆਉਣ ਵਾਲੀ ਨੂੰਹ ਬਾਰੇ ਪਤਾ ਨਹੀਂ ਕੀ ਕੀ ਸੁਖਾਂ ਸੁੱਖਦੀ ਥੱਕਦੀ ਨਹੀਂ । ਆਹ ਵੀ ਕਰ ਲਊ ਉਹ ਵੀ ਕਰ ਲਊ। ਕਲ ਨੂੰ ਨੂੰਹ ਰਾਣੀ ਨੇ ਆਉਣਾ ਹੈ ਉਹ ਕੀ ਕਹੇਗੀ। ਉਸ ਨੂੰ ਸਾਡਾ ਘਰ ਓਪਰਾ ਓਪਰਾ ਨਾ ਲਗੇ। ਰਿਸ਼ਤੇਦਾਰਾਂ ਵਿਚ ਵੀ ਆਪਣੀ ਨੂੰਹ ਦੇ ਸਿਫਤਾਂ ਦੇ ਪੁਲ ਬਣਦੀਆਂ ਥੱਕਦੀਆਂ ਨਹੀਂ ਹਨ। ਘਰ ਸੋਹਣਾ ਸਜਾਉਣਾ ਕਿ ਸਾਰਿਆਂ ਨੂੰ ਸੋਹਣਾ ਲਗੇ। ਬਸ ਚਾਅ ਹੀ ਇਨਾਂ ਹੁੰਦਾ ਹੈ ਕਿ ਮਾਵਾਂ ਫੁੱਲੀਆਂ ਨਹੀਂ ਸਮਾਉਂਦੀਆਂ। ਇੱਕ ਪਾਸੇ ਇਹ ਸਭ ਕੁਝ ਦੂਜੇ ਪਾਸੇ ਸੱਸ ਭੂਤਨੀ ,ਚੁੜੇਲ ,ਕੋਹੜੀ ਪਤਾ ਨਹੀਂ ਕੀ ਕੁਝ ਬੋਲਿਆ ਜਾਂਦਾ ਹੈ। ਅਜੇ ਕੁੜੀ ਆਪਣੇ ਘਰ ਵਿਚ ਹੁੰਦੀ ਹੈ ਤੇ ਸੱਸ ਆਪਣੇ ਘਰ ਵਿੱਚ। ਫਿਰ ਇਹ ਸਭ ਕੁਝ ਕਿਉਂ। ਨਹੀਂ ਧੀਆਂ ਨੂੰ ਮਾਵਾਂ ਹੀ ਸਮਝਾ ਸਕਦੀਆਂ ਹਨ। ਇਹ ਕਹਿਣਾ ਚਾਹੀਦਾ ਹੈ ਕਿ ਨਹੀਂ ਧੀਏ ,ਅੱਜ ਤੋਂ ਬਾਹਦ ਤੇਰੀ ਮਾਂ ਮੈ ਨਹੀਂ . ,ਤੇਰੀ ਮਾਂ ਉਹ ਹੈ ਜਿਸ ਘਰ ਵਿਚ ਤੂੰ ਜਾ ਰਹੀ ਹੈ। ਜੇ ਇਕ ਵੇਲੇ ਕੁਝ ਤੇਰੀ ਮਾਂ ਬੋਲ ਵੀ ਲਵੇ ਤਾਂ ਤੂੰ ਚੁੱਪ ਕਰਕੇ ਸਹਿਣ ਕਰ ਲਵੀ। ਕੋਈ ਨਹੀਂ ਅਕਸਰ ਤੇਰੀ ਉਹ ਵੀ ਮੇਰੇ ਵਰਗੀ ਮਾਂ ਹੈ। ਮੈ ਤੈਨੂੰ ਮੱਤ ਕੁਮੱਤ ਤੋਂ ਝਿੜ੍ਹਕ ਹੀ ਲੈਂਦੀ ਸੀ. ਵੱਡਿਆ ਦੀਆਂ ਗਾਲ੍ਹਾਂ ਤੇ ਘਿਉ ਦੀ ਨਾਲਾਂ ਹੁੰਦੀਆਂ ਹਨ। ਮਾਂ ਦੀਆਂ ਪੁੱਤਰ ਵਿਹਾਉਣ ਤੱਕ ਬਹੁਤ ਆਸਾਂ ਹੁੰਦੀਆਂ ਹਨ। ਜੰਮਦੇ ਨੂੰ ਲੋਰੀਆਂ ਹੀ ਇਹੋ ਦਿੰਦੀਆਂ ਹਨ ਕਿ ਪੁੱਤ ਤੂੰ ਵੱਡਾ ਹੋਵੇਗਾ। ਤੇਰਾ ਮੈ ਵਿਆਹ ਕਰਕੇ ਨੂੰਹ ਲੈ ਕੇ ਆਵਾਂਗੀ। ਕੀ ਇਹ ਮਾਂ ਦੀਆਂ ਰੀਝਾਂ ਨਹੀਂ ਹਨ। ਫਿਰ ਅਸੀਂ ਕੌਣ ਹੁੰਦੇ ਹਾਂ ,ਨੂੰਹ ਸੱਸ ਦੇ ਵਿੱਚ ਤਰੇੜਾਂ ਪਾਉਣ ਵਾਲੇ। ਚੰਗੀਆਂ ਮਾਵਾਂ ਧੀ ਨੂੰ ਹਮੇਸ਼ਾ ਚੰਗੀ ਮੱਤ ਹੀ ਦਿੰਦੀਆਂ ਹਨ। ਕਹਿੰਦੇ ਹਨ ਕਿ ਚੰਗੀਆਂ ਮਾਵਾਂ ਆਪਣੀਆਂ ਧੀਆਂ ਨੂੰ ਤਿੰਨ ਭਬੇ ਜਰੂਰ ਸਮਝਾਉਂਦੀ ਹੈ। ਪਹਿਲਾਂ ਭੱਬਾ ਕਿ ਮੈਥੋਂ ਭੁੱਲ ਹੋ ਗਈ ਹੈ ਮੈਨੂੰ ਮੁਆਫ਼ ਕਰ ਦਿਉ। ਦੂਜਾ ਭੱਬਾ ਕਿ ਭਾਣਾ ਮੰਨਣਾ ਕਿ ਜੋ ਕੁਝ ਹੁੰਦਾ ਹੈ ਉਹ ਉੱਪਰ ਵਾਲੇ ਦੀ ਮਰਜ਼ੀ ਮੁਤਾਬਿਕ ਹੀ ਹੁੰਦਾ ਹੈ। ਚਲੋ ਉਸ ਦਾ ਭਾਣਾ ਮੰਨ ਲੈਣਾ। ਤੀਜਾ ਭੱਬਾ ਕਿ ਭਲਾ ਹੋਵੇ ਜੇ ਕੋਈ ਬੋਲ ਵੀ ਗਿਆ ਤਾਂ ਕਹੋ ਕਿ ਉਸ ਦਾ ਭਲਾ ਹੋਵੇ। ਇਹਨਾਂ ਗੱਲਾਂ ਤੇ ਜੇ ਕੋਈ ਥੋੜ੍ਹਾ ਜਿਹਾ ਵੀ ਅਸਰ ਕਰੇ ਤਾਂ ਸ਼ਾਇਦ ਕਦੇ ਵੀ ਨੂੰਹ ਸੱਸ ਦੇ ਪਵਿੱਤਰ ਰਿਸ਼ਤੇ ਵਿੱਚ ਅਣ ਬਣ ਨਹੀਂ ਹੋ ਸਕਦੀ। ਕਿਉਂਕਿ ਹੁਣ ਸਮਾਜ ਪਹਿਲਾ ਵਾਲਾ ਨਹੀਂ ਸਗੋਂ ਪੜ੍ਹਿਆ ਲਿਖਿਆ ਤੇ ਸੂਝਵਾਨ ਹੋ ਗਿਆ ਹੈ। ਸਾਨੂੰ ਆਪਣੇ ਰੀਤੀ ਰਿਵਾਜਾਂ ਨੂੰ ਨਹੀਂ ਭੁਲਣਾ ਚਾਹੀਦਾ। ਜੇ ਕੋਈ ਕਿਸੇ ਵੀ ਸੱਭਿਅਤਾ ਵਿੱਚੋ ਕੋਈ ਚੰਗੀ ਗੱਲ ਮਿਲ ਜਾਵੇ ਤਾਂ ਜਰੂਰ ਉਸ ਨੂੰ ਅਪਣਾਉਣਾ ਚਾਹੀਦਾ ਹੈ। ਜੇ ਕੋਈ ਕੁਰੀਤੀਆਂ ਹੋਣ ਤੇ ਉਹਨਾਂ ਨੂੰ ਛੱਡ ਕੇ ਅਗੇ ਵਧਣ ਵਿਚ ਕੋਈ ਹਰਜ਼ ਨਹੀਂ।



ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ
ਮਮਦੋਟ (ਫਿਰੋਜ਼ਪੁਰ)
7589155501

# ਅਨੋਖੇ ਸ਼ੀਸ਼ਿਆਂ ਵਾਲਾ ਸ਼ਹਿਰ ਰਿਯੂਕਾਨ

ਪਰਮਜੀਤ ਕੌਰ ਸਰਹਿੰਦ
ਮੋਬਾ. 98728-98599



ਇਸ ਵਰ੍ਹੇ ਜੂਨ ਵਿੱਚ ਆਪਣੇ ਬੱਚਿਆਂ ਕੋਲ ਦਰਮਨ ਸ਼ਹਿਰ (ਨੌਰਵੇ) ਦੀ ਫੇਰੀ ਸਮੇਂ ਸ਼ੀਸ਼ਿਆਂ ਵਾਲਾ ਸ਼ਹਿਰ ਰਿਯੂਕਾਨ ਦੇਖਣ ਦੀ ਮੇਰੀ ਚਿਰੋਕਣੀ ਰੀਝ ਪੂਰੀ ਹੋਈ। ਰਿਯੂਕਾਨ, ਨੌਰਵੇ ਦੀ ਰਾਜਧਾਨੀ ਓਸਲੋ ਤੋਂ ਦੇਸ਼ ਦੇ ਦੱਖਣੀ ਹਿੱਸੇ ਦੇ ਮੱਧ ਵੱਲ 176 ਕਿਲੋਮੀਟਰ ਦੀ ਦੂਰੀ ਉੱਤੇ ਸਥਿਤ ਹੈ। ਤਾਜ਼ਾ ਅੰਕੜਿਆਂ ਮੁਤਾਬਿਕ 3.12 ਵਰਗ ਕਿਲੋਮੀਟਰ ਖੇਤਰਫਲ ਵਾਲੇ ਇਸ ਸ਼ਹਿਰ ਦੀ ਵੱਸੋਂ 3,386 ਦੇ ਕਰੀਬ ਹੈ। ਦਰਮਨ ਤੋਂ ਰਿਯੂਕਾਨ 130 ਕਿਲੋਮੀਟਰ ਦੂਰ ਹੈ।

ਅਸੀਂ ਸਵੇਰੇ ਹੀ ਖਾਣ-ਪੀਣ ਦਾ ਸਾਮਾਨ ਨਾਲ ਰੱਖ ਲਿਆ। ਦਰਅਸਲ, ਇਨ੍ਹਾਂ ਮੁਲਕਾਂ ਵਿੱਚ ਸਾਡੇ ਸੋਹਣੇ ਦੇਸ਼ ਪੰਜਾਬ ਵਾਂਗ ਸੜਕਾਂ ਕਿਨਾਰੇ ਥਾਂ-ਥਾਂ ਨਾ ਤਾਂ ਢਾਬੇ, ਹੋਟਲ ਜਾਂ ਰੈਸਤਰਾਂ ਹਨ ਤੇ ਨਾ ਹੀ ਕਿਸੇ ਸਰਵਿਸ ਸਟੇਸ਼ਨ ਜਾਂ ਖ਼ਾਸ ਬਣੀ ਥਾਂ ਤੋਂ ਬਿਨਾਂ ਕਿਤੇ ਹੋਰ ਆਪਣੀ ਮਰਜ਼ੀ ਨਾਲ ਗੱਡੀ ਰੋਕੀ ਜਾ ਸਕਦੀ ਹੈ। ਆਵਾਜਾਈ ਦੇ ਨਿਯਮਾਂ ਦੀ ਪਾਲਣਾ ਬਹੁਤ ਧਿਆਨ ਨਾਲ ਕਰਨੀ ਪੈਂਦੀ ਹੈ। ਅਜਿਹੇ ਸਫ਼ਰ ਸਮੇਂ ਸਾਰੇ ਲੋਕ ਖਾਣਾ-ਦਾਣਾ ਨਾਲ ਰੱਖਦੇ ਹਨ। ਕਿਸੇ ਵੀ ਸਰਵਿਸ ਸਟੇਸ਼ਨ ਉੱਤੇ ਕੌਫ਼ੀ ਜਾਂ ਕੌਫ਼ੀ ਵਰਗਾ ਹੀ ਗਰਮ ਚੌਕਲੇਟ ਪੀਣ ਲਈ ਮਿਲ ਜਾਂਦਾ ਹੈ। ਇੱਥੇ ਆਈਸਕਰੀਮ ਜਾਂ ਹਲਕਾ-ਫੁਲਕਾ ਖਾਣ ਲਈ ਵੀ ਮਿਲ ਜਾਂਦਾ ਹੈ। ਉਂਜ, ਸਰਵਿਸ ਸਟੇਸ਼ਨ ਵੀ ਨੇੜੇ-ਨੇੜੇ ਨਹੀਂ ਹੁੰਦੇ। ਇਨ੍ਹਾਂ ਦੇ ਅੰਦਰ ਜਾਂ ਬਾਹਰ ਸੈਲਾਨੀਆਂ ਦੇ ਬੈਠਣ ਦਾ ਇੰਤਜ਼ਾਮ ਹੁੰਦਾ ਹੈ। ਕਿਸੇ ਸਟੇਸ਼ਨ 'ਤੇ ਛੋਟਾ ਜਿਹਾ ਸ਼ੌਪਿੰਗ ਸੈਂਟਰ ਵੀ ਹੁੰਦਾ ਹੈ।

ਕਿਸੇ ਦਰਿਆ ਜਾਂ ਨਦੀ ਕਿਨਾਰੇ ਵੀ ਗੱਡੀ ਰੋਕਣ ਲਈ ਕੋਈ ਵਿਸ਼ੇਸ਼ ਥਾਂ ਬਣਾਈ ਹੁੰਦੀ ਹੈ ਅਤੇ ਬੈਠਣ ਲਈ ਬੈਂਚ ਆਦਿ ਵੀ ਹੁੰਦੇ ਹਨ। ਅਸੀਂ ਵਲ ਖਾਂਦੇ ਪਹਾੜੀ ਰਾਹਾਂ ਉੱਤੇ ਘੁੰਮਦੇ ਇੱਕ ਪਾਸੇ ਹਰਿਆਲੀ ਲੱਦੇ ਪਹਾੜ ਅਤੇ ਦੂਜੇ ਪਾਸੇ ਕੋਈ ਨਦੀ ਜਾਂ ਦਰਿਆ ਵਗਦਾ ਦੇਖ ਕੇ ਇਉਂ ਮਹਿਸੂਸ ਕਰ ਰਹੇ ਸਾਂ ਜਿਵੇਂ ਅਨੋਖੀ ਦੁਨੀਆਂ ਵਿੱਚ ਫਿਰਦੇ ਹੋਈਏ। ਨਦੀ ਕਿਨਾਰੇ ਨਿੱਕੇ ਜਿਹੇ ਸਰਵਿਸ ਸਟੇਸ਼ਨ ਉੱਤੇ ਰੁਕ ਕੇ ਅਸੀਂ ਬਾਹਰ ਪਏ ਮੇਜ਼ ਕੁਰਸੀਆਂ ਉੱਤੇ ਜਾ ਬੈਠੇ ਅਤੇ ਨਾਲ ਲਿਆਂਦਾ ਕੁਝ ਖਾਧਾ-ਪੀਤਾ ਅਤੇ ਵਗਦੀ ਨਦੀ ਕਿਨਾਰੇ ਘੁੰਮਦੇ ਰਹੇ। ਹੋਰ ਕਈ ਗੋਰੇ-ਗੋਰੀਆਂ ਵੀ ਉੱਥੇ ਰੁਕੇ। ਉਹ ਵੀ ਆਪਣਾ ਚਾਹ-ਨਾਸ਼ਤਾ ਨਾਲ ਲਈ ਫਿਰਦੇ ਸਨ। ਇਨ੍ਹਾਂ ਮੁਲਕਾਂ ਵਿੱਚ ਜਿਵੇਂ ਇਕੱਲੀਆਂ ਜੁਆਨ ਕੁੜੀਆਂ ਤੇ ਔਰਤਾਂ ਅਜਿਹੇ ਸੁੰਨੇ ਜਿਹੇ ਥਾਵਾਂ ਉੱਤੇ ਤੁਰੀਆਂ ਫਿਰਦੀਆਂ ਹਨ ਉਨ੍ਹਾਂ ਨੂੰ ਦੇਖ ਕੇ ਉਨ੍ਹਾਂ ਦੀ ਆਜ਼ਾਦ ਤੇ ਬੇਖ਼ੌਫ ਜ਼ਿੰਦਗੀ ਨਾਲ ਜਿਵੇਂ ਰਸ਼ਕ ਹੁੰਦਾ ਹੈ। ਆਪਣੇ ਮੁਲਕ ਵਿੱਚ ਔਰਤਾਂ ਦੀ ਸੁਰੱਖਿਆ ਦੀਆਂ ਸੋਚਾਂ ਵਿੱਚ ਘਿਰੀ ਮੈਂ ਕਾਰ ਵਿੱਚ ਜਾ ਬੈਠੀ।

ਜਿਉਂ-ਜਿਉਂ ਅਸੀਂ ਰਿਯੂਕਾਨ ਵੱਲ ਵਧ ਰਹੇ ਸਾਂ ਕੋਈ ਦਰਿਆ, ਨਦੀ ਜਾਂ ਨਾਲਾ ਸਾਡੇ ਨਾਲ ਤੁਰਦਾ ਕਦੇ ਬਿਲਕੁਲ ਨੇੜੇ ਤੇ ਕਦੇ ਦੂਰ ਹੋ ਜਾਂਦਾ। ਇੱਕ ਪਾਸੇ ਪਹਾੜਾਂ ਦੀ ਬਣਤਰ ਇਉਂ ਨਜ਼ਰ ਆ ਰਹੀ ਸੀ ਜਿਵੇਂ ਇਹ ਇੱਕ ਲੜੀ ਵਿੱਚ ਪਰੋਏ ਹੋਣ। ਇੱਕ ਪਹਾੜ ਖ਼ਤਮ ਹੋਣ ਤੋਂ ਪਹਿਲਾਂ ਹੀ ਉਸ ਦੇ ਅੱਗਿਓਂ ਜਾਂ ਪਿੱਛੋਂ ਦੂਜਾ ਪਹਾੜ ਸ਼ੁਰੂ ਹੋ ਜਾਂਦਾ। ਦੂਰ ਦਿਸਦੇ ਝਰਨਿਆਂ ਦਾ ਪਾਣੀ ਪਹਾੜਾਂ ਉੱਤੇ ਚਾਂਦੀ ਦੀਆਂ ਤਾਰਾਂ ਵਾਂਗ ਚਮਕਦਾ ਜਾਪਦਾ ਸੀ। ਤਕਰੀਬਨ ਤਿੰਨ ਕੁ ਘੰਟੇ ਬਾਅਦ ਰਿਯੂਕਾਨ ਸ਼ਹਿਰ ਪੁੱਜੇ। ਇਸ ਸ਼ਹਿਰ ਵਿੱਚ ਛੱਤਾਂ ਭਾਵੇਂ ਦੂਜੇ ਸ਼ਹਿਰਾਂ ਦੇ ਘਰਾਂ ਵਰਗੀਆਂ ਢਾਲਵੀਆਂ ਹਨ, ਪਰ ਇਨ੍ਹਾਂ ਦੀ ਬਣਤਰ ਖ਼ੂਬਸੂਰਤ ਹੈ। ਇਹ ਛੋਟਾ ਜਿਹਾ ਸ਼ਹਿਰ ਚਾਰੇ ਪਾਸੇ ਤੋਂ ਪਹਾੜਾਂ ਨਾਲ ਘਿਰਿਆ ਹੋਇਆ ਹੈ। ਕਾਰ ਪਾਰਕ ਕਰਕੇ ਅਸੀਂ ਆਲੇ-ਦੁਆਲੇ ਦੇਖਦੇ ਹੋਏ ਹੋਰ ਸੈਲਾਨੀਆਂ ਦੇ ਪਿੱਛੇ ਹੋ ਤੁਰੇ। ਸਾਡੇ ਬੱਚੇ ਵੀ ਪਹਿਲਾਂ ਕਦੇ ਇੱਥੇ ਨਹੀਂ ਸਨ ਆਏ। ਇਸ ਥਾਂ ਬਾਰੇ ਕਾਫ਼ੀ ਜਾਣਕਾਰੀ ਉਨ੍ਹਾਂ ਮੈਨੂੰ ਦਿੱਤੀ ਸੀ ਜਿਸ ਕਾਰਨ ਮੈਂ ਇੱਥੇ ਪੁੱਜੀ।

ਮੈਂ 17 ਜੁਲਾਈ 2013 ਨੂੰ ਪੰਜਾਬੀ ਦੇ ਕਿਸੇ ਅਖ਼ਬਾਰ ਵਿੱਚ ਖ਼ਬਰ ਪੜ੍ਹੀ ਸੀ ਕਿ "ਨੌਰਵੇ ਦਾ ਇੱਕ ਸ਼ਹਿਰ ਅਜਿਹਾ ਵੀ ਹੈ ਜਿੱਥੇ ਸਰਦੀ ਦੇ ਮੌਸਮ ਵਿੱਚ ਸੂਰਜ ਦੀਆਂ ਕਿਰਨਾਂ ਨਹੀਂ ਪਹੁੰਚਦੀਆਂ।" ਖ਼ਬਰ ਵਿੱਚ ਇਹ ਵੀ ਦੱਸਿਆ ਗਿਆ ਸੀ ਕਿ "ਇਸ ਸਾਲ ਸਤੰਬਰ ਵਿੱਚ 100 ਸਾਲਾਂ ਪਿੱਛੋਂ ਪਹਿਲੀ ਵਾਰ ਸ਼ਹਿਰ ਵਾਸੀਆਂ ਨੂੰ ਸਰਦੀ ਦੇ ਮੌਸਮ ਵਿੱਚ ਸੂਰਜ ਦੀਆਂ ਕਿਰਨਾਂ ਦਾ ਨਿੱਘ ਮਾਣਨ ਦਾ ਮੌਕਾ ਮਿਲੇਗਾ। ਸਮਾਚਾਰ ਏਜੰਸੀ ਸਿਨਹੂਆ ਮੁਤਾਬਿਕ ਜੇਕਰ ਸਾਰਾ ਕੁਝ ਠੀਕ ਰਿਹਾ ਤਾਂ ਘਾਟੀ ਵਿੱਚ ਵਸੇ ਸ਼ਹਿਰ ਕਿਨਾਰੇ ਸਥਿਤ ਪਹਾੜੀਆਂ ਉੱਤੇ 450 ਮੀਟਰ ਦੀ ਉਚਾਈ ਉੱਤੇ ਲਗਾਏ ਗਏ ਵੱਡੇ-ਵੱਡੇ ਸ਼ੀਸ਼ਿਆਂ ਰਾਹੀਂ ਸੂਰਜ ਦੀਆਂ ਕਿਰਨਾਂ ਪ੍ਰਤੀਬਿੰਬਤ ਹੋ ਕੇ ਰਿਯੂਕਾਨ ਦੇ ਟਾਊਨ ਹਾਲ ਦੇ ਸਾਹਮਣੇ ਸਥਿਤ ਮੁੱਖ ਚੌਰਾਹੇ ਉੱਤੇ ਪਹੁੰਚਣਗੀਆਂ।"



ਮੇਰੀ ਇਸ ਸ਼ਹਿਰ ਨੂੰ ਦੇਖਣ ਦੀ ਲਗਨ ਮੈਨੂੰ ਉੱਥੇ ਲੈ ਹੀ ਗਈ। ਅਸੀਂ ਛੇਤੀ ਹੀ ਉਹ ਚੌਰਾਹਾ ਵੀ ਲੱਭ ਲਿਆ, ਪਰ ਚਾਰੇ ਪਾਸੇ ਪਹਾੜੀਆਂ ਹੀ ਪਹਾੜੀਆਂ ਸਨ। ਸਾਨੂੰ ਸ਼ੀਸ਼ੇ ਕਿਤੇ ਨਾ ਦਿਸੇ। ਅਸੀਂ ਕੁਝ ਦੇਰ ਉਸ ਚੌਰਾਹੇ ਦੇ ਨੇੜੇ-ਤੇੜੇ ਹੀ ਘੁੰਮਦੇ ਰਹੇ। ਇਹ ਛੋਟਾ ਚੌਕ ਸੀ। ਬੈਠਣ ਲਈ ਬੈਂਚ ਵੀ ਸਨ। ਮੇਰੇ ਜ਼ਿਹਨ ਵਿੱਚ ਇਹ ਗੱਲ ਸਮਾਈ ਹੋਈ ਸੀ ਕਿ ਵੱਡੇ ਵੱਡੇ ਸ਼ੀਸ਼ੇ ਤਾਂ ਆਸਾਨੀ ਨਾਲ ਦਿਖਾਈ ਦਿੰਦੇ ਹੋਣਗੇ, ਪਰ ਅਜਿਹਾ ਕੁਝ ਨਹੀਂ ਸੀ। ਇੱਧਰ-ਉੱਧਰ ਦੇਖਦੇ ਅਸੀਂ ਇੱਕ ਪਾਸੇ ਨੂੰ ਤੁਰ ਪਏ। ਚੌਕ ਦੀਆਂ ਪੌੜੀਆਂ ਉੱਤੇ ਇੱਕ ਜੋੜਾ ਆਪਣੇ ਛੋਟੇ ਜਿਹੇ ਬੱਚੇ ਨੂੰ ਲਈ ਬੈਠਾ ਸੀ। ਅਸੀਂ ਉਨ੍ਹਾਂ ਨੂੰ ਸ਼ੀਸ਼ਿਆਂ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਸਾਹਮਣੀਆਂ ਪਹਾੜੀਆਂ ਵੱਲ ਇਸ਼ਾਰਾ ਕਰਕੇ ਦੱਸਿਆ ਕਿ ਉਹ ਜੋ ਤਿੰਨ ਬਿੰਦੂ ਜਿਹੇ ਚਮਕ ਰਹੇ ਹਨ ਉਹ ਸ਼ੀਸ਼ੇ ਹੀ ਹਨ। ਅਸੀਂ ਉਨ੍ਹਾਂ ਦਾ ਧੰਨਵਾਦ ਕੀਤਾ।

ਰਿਯੂਕਾਨ, ਮੱਧ ਨੌਰਵੇ ਸਥਿਤ ਇੱਕ ਸੰਕਰੀ ਘਾਟੀ ਵਿੱਚ ਵਸਿਆ ਹੋਇਆ ਸ਼ਹਿਰ ਹੈ। ਇਸ ਸੋਹਣੇ ਸ਼ਹਿਰ ਦੇ ਲੋਕਾਂ ਨੂੰ ਲੋਹੜੇ ਦੀ ਸਰਦੀ ਵਿੱਚ ਧੁੱਪ ਦੀ ਕਿਰਨ ਵੀ ਦਿਖਾਈ ਨਹੀਂ ਸੀ ਦਿੰਦੀ। ਕਈ ਦਹਾਕਿਆਂ ਤੋਂ ਰਿਯੂਕਾਨ ਵਾਸੀ ਸੂਰਜ ਦੀਆਂ ਕਿਰਨਾਂ ਭਾਵ ਧੁੱਪ ਨੂੰ ਸੇਕਣ ਜਾਂ ਦੇਖਣ ਲਈ ਕੇਬਲ ਕਾਰ ਰਾਹੀਂ ਪਹਾੜ ਦੇ ਉੱਪਰ ਜਾਂਦੇ ਸਨ ਜਿਸ ਨੂੰ ਇਹ ਕਰੌਸਬਾਨੇ ਕਹਿੰਦੇ ਹਨ। ਨੌਰਵੇ ਬਹੁਤ ਠੰਢਾ ਮੁਲਕ ਹੈ ਜਿਸ ਕਾਰਨ ਧੁੱਪ ਇਨ੍ਹਾਂ ਲੋਕਾਂ ਲਈ ਬਹੁਤ ਮਹੱਤਵ ਰੱਖਦੀ ਹੈ। ਨੌਰਵੇ ਦੀ ਇੱਕ ਵਿਸ਼ਵ ਪੱਧਰੀ ਕੰਪਨੀ ਹੀਦਰੋ ਦੇ ਮਾਲਕ ਸੈਮ ਆਈਦੇ ਦੇ ਸਹਾਇਕ ਔਸਕਰ ਨੇ 1913 ਵਿੱਚ ਉਸ ਨੂੰ ਇਹ ਸ਼ੀਸ਼ੇ ਲਵਾਉਣ ਦਾ ਸੁਝਾਅ ਦਿੱਤਾ ਸੀ। 1928 ਵਿੱਚ ਨੌਸ਼ਿਕ ਹੀਦਰੋ ਨੇ ਹੀ ਕਰੌਸਬਾਨੇ ਬਣਾ ਕੇ ਲੋਕਾਂ ਨੂੰ ਧੁੱਪ ਸੇਕਣ ਲਈ ਇਹ ਤੋਹਫ਼ਾ ਦਿੱਤਾ ਸੀ। ਇਹ ਕੰਪਨੀ ਵਧਾਈ ਤੇ ਧੰਨਵਾਦ ਦੀ ਪਾਤਰ ਹੈ। ਇਹ ਸ਼ੀਸ਼ੇ 2013 ਵਿੱਚ ਲਗਾਏ ਗਏ। ਕੁਦਰਤ ਦੀ ਗੋਦ ਵਿੱਚ ਸਿਮਟੇ ਇਸ ਸ਼ਹਿਰ ਦੀ ਉੱਤਰੀ ਦਿਸ਼ਾ ਵਾਲੀ ਪਹਾੜੀ ਉੱਤੇ ਇਹ ਸ਼ੀਸ਼ੇ ਲਗਾਏ ਗਏ ਹਨ। ਇਹ ਪਹਾੜੀ, ਸਮੁੰਦਰੀ ਤਲ ਤੋਂ 742 ਮੀਟਰ ਅਤੇ ਰਿਯੂਕਾਨ ਸ਼ਹਿਰ ਤੋਂ 450 ਮੀਟਰ ਉੱਚੀ ਹੈ। ਇਸ ਪਹਾੜੀ ਦੇ ਉੱਪਰ ਚੋਟੀ ਉੱਤੇ ਤਿੰਨ ਸ਼ੀਸ਼ੇ ਲਗਾਏ ਗਏ ਹਨ। ਇੱਕ ਸ਼ੀਸ਼ਾ 17 ਵਰਗ ਮੀਟਰ ਹੈ। ਕੁੱਲ 57 ਵਰਗ ਮੀਟਰ ਖੇਤਰਫਲ ਵਾਲੇ ਇਹ ਸ਼ੀਸ਼ੇ ਦੂਰੋਂ ਸਿਰਫ਼ ਕਿਸੇ ਚਮਕਦਾਰ ਚੀਜ਼ ਦਾ ਭੁਲੇਖਾ ਪਾਉਂਦੇ ਹਨ।

ਵਿਗਿਆਨ ਦੇ ਯੁੱਗ ਵਿੱਚ ਇਨ੍ਹਾਂ ਵਿਗਿਆਨਕ ਚਮਤਕਾਰੀ ਸ਼ੀਸ਼ਿਆਂ ਵਿੱਚੋਂ ਧੁੱਪ ਦੀਆਂ ਕਿਰਨਾਂ ਪ੍ਰਤੀਬਿੰਬਤ ਹੋ ਕੇ ਰਿਯੂਕਾਨ ਦੇ ਚੌਕ ਵਿੱਚ ਪੈਂਦੀਆਂ ਹਨ ਤਾਂ ਉਹ ਲੋਕ ਅਥਾਹ ਖ਼ੁਸ਼ੀ, ਉਤਸ਼ਾਹ ਤੇ ਆਨੰਦ ਮਹਿਸੂਸ ਕਰਦੇ ਹਨ। ਧੁੱਪ ਵਿਟਾਮਨ ਡੀ ਦਾ ਕੁਦਰਤੀ ਸੋਮਾ ਹੈ। ਇਹ ਲੋਕ ਤਨ ਉੱਤੇ ਛੋਟੇ-ਮੋਟੇ ਕੱਪੜੇ ਪਹਿਨ ਕੇ ਆਮ ਹੀ ਧੁੱਪ ਸੇਕਦੇ ਦਿਸਦੇ ਹਨ। ਇਸ ਸ਼ਹਿਰ ਵਿੱਚ ਤਾਂ ਧੁੱਪ ਇਨ੍ਹਾਂ ਲਈ ਕਿਸੇ ਵਰਦਾਨ ਵਾਂਗੂੰ ਆਉਂਦੀ ਹੈ।

ਇਸ ਲੋਕ ਭਲਾਈ ਦੇ ਕੰਮ ਵਿੱਚ ਨੌਸ਼ਿਕ ਹੀਦਰੋ ਕੰਪਨੀ ਨੇ 50 ਲੱਖ ਕਰੋਨੇ, ਨੌਸ਼ਿਕ ਕਰੰਸੀ ਦਿੱਤੀ ਜੋ ਤਕਰੀਬਨ ਸਾਢੇ ਚਾਰ-ਪੰਜ ਕਰੋੜ ਰੁਪਏ ਦੇ ਬਰਾਬਰ ਹੈ। ਰਿਯੂਕਾਨ ਸ਼ਹਿਰ ਦੀ ਕਮਿਊਨ (ਮਿਊਂਸਪਲ ਕਮੇਟੀ) ਨੇ 10 ਲੱਖ ਕਰੋਨੇ ਰਕਮ ਦਿੱਤੀ ਜੋ ਅੰਦਾਜ਼ਨ 1 ਕਰੋੜ ਭਾਰਤੀ ਰੁਪਏ ਬਣਦੇ ਹਨ। ਇਸ ਪ੍ਰੋਜੈਕਟ ਲਈ ਕਈ ਸਰਕਾਰੀ ਅਤੇ ਗ਼ੈਰਸਰਕਾਰੀ ਅਦਾਰਿਆਂ ਨੇ ਮੱਦਦ ਕੀਤੀ। ਕੁਦਰਤ ਅਤੇ ਵਿਗਿਆਨ ਦੇ ਚਮਤਕਾਰ ਦੇਖ-ਦੇਖ ਮਨ ਨੂੰ ਬੜਾ ਸੁਖਦ ਅਹਿਸਾਸ ਹੁੰਦਾ ਹੈ। ਪਹਾੜੀਆਂ ਨੇ ਇਉਂ ਉਸ ਨਿੱਕੇ ਜਿਹੇ ਸ਼ਹਿਰ ਨੂੰ ਕਲਾਵੇ ਵਿੱਚ ਲਿਆ ਹੋਇਆ ਹੈ ਜਿਵੇਂ ਮਾਂ ਆਪਣੇ ਬੱਚੇ ਨੂੰ ਲੈਂਦੀ ਹੈ ਅਤੇ ਵਿਗਿਆਨ ਨੇ ਸ਼ੀਸ਼ਿਆਂ ਰਾਹੀਂ ਉਸ ਨੂੰ ਨਿੱਘ ਅਤੇ ਰੌਸ਼ਨੀ ਮੁਹੱਈਆ ਕਰਵਾਈ। ਚੇਤਿਆਂ ਵਿੱਚ ਵਸਿਆ ਰਹਿਣ ਵਾਲਾ ਹੈ ਇਹ ਅਨੋਖੇ ਸ਼ੀਸ਼ਿਆਂ ਵਾਲਾ ਸ਼ਹਿਰ।

# ਹਾਸ ਵਿਅੰਗ: ਕਰੋਨਾ ਦਾ ਯੋਗਦਾਨ



ਤ੍ਰਿਲੋਕ ਢਿੱਲੋਂ
ਸੰਪਰਕ 9855461644

ਗੁਣੀ ਗਿਆਨੀ ਲੋਕਾਂ ਦਾ ਕਹਿਣਾ ਹੈ ਕਿ ਸਮਾਂ ਤੇ ਇਤਿਹਾਸ ਜੀਵਨ ਨੂੰ ਆਪਣੇ ਅਨੁਕੂਲ ਬਦਲਦੇ ਰਹਿੰਦੇ ਨੇ ਤੇ ਸਮਾਜਿਕ ਤਾਣਾ ਬਾਣਾ ਤੇ ਸਭਿਆਚਾਰ ਵੀ ਉਸੇ ਅਨੁਸਾਰ ਬਦਲਦਾ ਰਹਿੰਦਾ ਹੈ। ਸਾਲ ਵੀਹ ਸੌ ਵੀ ਚੜਦਿਆਂ ਹੀ ਪੂਰੇ ਵਿਸ਼ਵ ਨੂੰ ਇਕ ਅਜਿਹੇ ਅਦਿੱਸ ਚਮਤਕਾਰ ਕੀੜੇ (ਜੋ ਪੈਦਾ ਹੋਇਆ ਜਾਂ ਪੈਦਾ ਕੀਤਾ ਗਿਆ) ਨੇ ਆਪਣੀ ਗ੍ਰਿਫਤ ਵਿੱਚ ਲੈ ਲਿਆ- ਸਭ ਪਾਸੇ ਹਾਹਾਕਾਰ ਮੱਚ ਗਈ-ਵੱਡੇ ਵੱਡੇ ਤੇ ਸ਼ਕਤੀ ਸ਼ਾਲੀ ਮੁਲਕਾਂ ਦੇ ਮਾਰੂ ਹਥਿਆਰ ਇਸ ਦੇ ਸਾਹਮਣੇ ਖੁੰਡੇ ਪੈ ਗਏ। ਮੈਡੀਕਲ ਸਾਇੰਸ ਤੇ ਮੈਡੀਸਨ ਬਨਾਉਣ ਵਾਲੀਆਂ ਕੰਪਨੀਆਂ ਦੀਆਂ ਲੈਬਾਂ, ਨਿਰਖ ਪਰਖ ਕਰਨ ਵਾਲਾ ਸਾਜੋ ਸਮਾਨ, ਮੈਕਰੋਸਕੋਪ ਤੇ ਇਲੈਕਟਰਾਨ ਮੈਕਰੋਸਕੋਪ ਵੀ ਇਸ ਕੀੜੇ ਦੀ ਹੋਂਦ ਤੇ ਮਾਰੂ ਪ੍ਰਭਾਵ ਨੂੰ ਪੂਰੀ ਤਰ੍ਹਾਂ ਪਛਾਣ ਨਹੀਂ ਸਕੇ। ਇਸ 'ਕੀੜੇ' ਦੇ ਤਾਬੜ ਤੋੜ ਹਮਲਿਆਂ ਤੋਂ ਬਚਾਅ ਲਈ, ਮੁਲਕਾਂ ਦੀਆਂ ਸਰਕਾਰਾਂ ਨੂੰ ਆਪਣੀ ਸਰ ਜਮੀਨ ਤੇ ਵਾਰ ਵਾਰ ਲਾਕ ਡਾਊਨ ਤੇ ਕਰਫਿਊ ਲਾਉਣੇ ਪਏ ਜ਼ੀਵਨ ਦੇ ਨਿਤ ਦੇ ਕਾਰ ਵਿਹਾਰ ਵਿੱਚ, ਅਣਗਿਣਤ ਬੰਦਸ਼ਾਂ ਲਾਉਣੀਆਂ ਪਈਆ-ਗੱਲ ਕੀ ਲੋਕਾਂ ਦਾ ਘਰਾਂ 'ਚੋਂ ਬਾਹਰ ਨਿਕਲਣਾ ਬੰਦ ਕਰ ਦਿਤਾ ਗਿਆ। ਸੱਚ ਪੁੱਛੋਂ ਤਾਂ ਇਸ ਜਹਿਰੀਲੇ ਕੀੜੇ ਨੇ 'ਉਨੀ ਤੇ ਵੀਹ' ਵਿਚਲਾ ਫਰਕ ਉਜਾਗਰ ਕਰ ਦਿਤਾ। ਰੋਕਾਂ, ਬੰਦਸ਼ਾਂ, ਸਖਤੀਆਂ ਦੇ ਬਾਵਜੂਦ ਵੀ ਸਰਕਾਰਾਂ ਦੇ ਅੰਕੜੇ ਲੱਖਾਂ ਲੋਕਾਂ ਦੀਆਂ ਮੌਤਾਂ ਤੇ ਕਰੋੜਾਂ ਇਸ ਤੋਂ ਪ੍ਰਭਾਵਿਤ ਹੋਏ ਦੱਸੇ ਜਾ ਰਹੇ ਨੇ। ਇਹ ਵੀ ਸੁਨਣ ਵਿੱਚ ਆਇਆ ਕਿ ਹਜਾਰਾਂ ਲੋਕ ਤਾਂ ਭੁੱਖ ਨਾਲ ਹੀ ਮਰ ਗਏ-ਕੁਕੜਾਂ ਵਾਂਗ ਘਰਾਂ 'ਚ ਤਾੜੇ ਰੋਜਾਨਾਂ ਮਜਦੂਰੀ ਕਰਕੇ ਪੇਟ ਭਰਨ ਵਾਲੇ ਕਿੰਨਾ ਕੁ ਚਿਰ ਭੁੱਖੇ ਪੇਟ ਜੀ ਸਕਦੇ ਸਨ ਤੇ ਬਹੁਤ ਸਾਰੇ ਭੁੱਖਣ-ਭਾਣੇ ਆਪਣੇ ਸਥਾਈ ਥਾਂ ਟਿਕਾਣਿਆਂ ਤੇ ਪਹੁੰਚਣ ਦੀ ਉਮੀਦ ਰੱਖਦੇ ਹੋਏ, ਰਸਤੇ ਵਿੱਚ ਹੀ ਹਾਦਸਿਆਂ ਦਾ ਸ਼ਿਕਾਰ ਹੋ ਗਏ। ਸ਼ਾਇਰ ਆਤਮਾ ਰਾਮ ਰੰਜਨ ਦੇ ਇਹ ਸ਼ੇਅਰ ਇਸ ਹਕੀਕਤ ਦੀ ਤਰਜ਼ਮਾਨੀ ਇਸ ਤਰਾਂ ਕਰਦੇ ਹਨ:

ਜ਼ਖ਼ਮੀ ਤਲੀਆਂ ਚੁਕ ਸਲੀਬਾਂ ਚੱਲੇ ਰਾਮ ਦੁਲਾਰੇ
ਨੰਗੇ ਪੈਰੀਂ, ਲੰਮੇਂ ਪੈਂਡੇ ਸੱਤਾ ਦੇ ਦੁਰਕਾਰੇ
ਮੰਜਿਲ ਤੀਕਣ ਪਹੁੰਚਣਗੇ, ਕੁੱਝ ਗਿਣ ਮੀਲਾਂ ਦੇ ਪੱਥਰ
ਥੱਕੇ ਹਾਰੇ ਕਈਆਂ 'ਰੰਜਨ' ਹੋਣਾ ਰੱਬ ਨੂੰ ਪਿਆਰੇ

ਉਧਰ ਜਟ 'ਕਰੋਨਾ' ਨਾਂ ਦੇ ਕੀੜੇ ਨਾਲ ਗੱਲ ਕੀਤੀ ਕਿ "ਭਰਾਵਾ! ਕਿਉਂ ਗਰੀਬਾਂ ਨੂੰ ਮਾਰਦੈ-ਅੱਧਿਓਂ ਜ਼ਿਆਦਾ ਇੰਡੀਆ ਤਾਂ ਉੱਝ ਹੀ ਭੁੱਖ ਨਾਲ ਘੁਲਦਾ ਪਿਐ ? ਬਾਕੀਆਂ ਦਾ ਭ੍ਰਿਸ਼ਟਾਚਾਰ, ਅਨਪੜ੍ਹਤਾ, ਜਾਤ-ਪਾਤ, ਵਿਥਾਂ-ਵਿਤਕਰਿਆ ਤੇ ਸਭ ਤੋਂ ਵੱਧ ਫਿਰਕੂ ਵਾਇਰੈਸ ਨੇ ਨੱਕ 'ਚ ਦੰਮ ਕਰ ਰੱਖਿਐ ?" ਇਸ ਦੇ ਉਤਰ ਵਿੱਚ 'ਕਰੋਨਾ' ਨੇ ਇਕ ਜਬਰਦਸਤ ਅੰਗੜਾਈ ਲਈ ਤੇ ਬੋਲਿਆ, "ਮੈਨੂੰ ਕੀ ਪਤਾ ਸੀ! ਅਮਰੀਕਾ, ਬਰਾਜੀਲ, ਇਟਲੀ ਆਦਿ 'ਚ ਮੇਰਾ ਵਾਹਵਾ ਦਬਦਬਾ ਚਲ ਰਿਹਾ ਸੀ-ਮੇਰੀ ਜਨਮਦਾਤੀ ਦੇ ਹੁਕਮ ਅਨੁਸਾਰ, ਮੈਨੂੰ ਮਜਬੂਰਨ ਭਾਰਤ ਵੱਲ ਵੀ ਰੁਖ ਕਰਨਾ ਪਿਐ।" ਭਾਰਤ ਦੇ ਬਾਕੀ ਸੂਬਿਆਂ ਜਿਵੇਂ ਮਹਾਰਾਸ਼ਟਰ, ਆਂਧਰਾਂ, ਤਮਿਲਨਾਡੂ, ਕਰਨਾਟਕ, ਬੰਗਾਲ ਆਦਿ 'ਚ ਤਾਂ ਉਸਨੇ ਚੰਗੀ ਤਰ੍ਹਾਂ ਘੁਸਪੈਂਠ ਕਰ ਲਈ ਸੀ ਪਰ ਪੰਜਾਬ ਵਾਲਿਆਂ ਨੇ ਤਾਂ ਉਸਨੂੰ 'ਸ਼ੰਭੂ' ਬਾਰਡਰ ਤੇ ਹੀ ਘੇਰ ਲਿਆ ਕਿ ਨਾਕੇ ਦੀ ਪਰਚੀ ਕਟਾਏ ਬਿਨ੍ਹਾਂ ਅੱਗੇ ਨਹੀਂ ਜਾ ਸਕਦਾ-ਅਖੀਰ ਕੁਝ ਲੈ ਦੇ ਕੇ ਮੇਰੀ ਪੰਜਾਬ'ਚ ਐਂਟਰੀ ਹੋਈ-ਵੜਦਿਆਂ ਹੀ ਕਪਤਾਨ ਸਾਹਿਬ ਨੇ ਦਿਨ-ਰਾਤ ਦੇ ਕਰਫਿਊ ਤੋਂ ਬਿਨ੍ਹਾਂ ਅਨੇਕਾਂ ਹੋਰ ਬੰਦਸ਼ਾਂ ਲਾ ਦਿਤੀਆਂ, ਉਸਦਾ ਤਾਂ ਉਂਝ ਹੀ ਦਮ ਘੁਟਣ ਲੱਗ ਪਿਆ। ਥੱਕ ਹਾਰ ਕੇ ਕਰੋਨਾ ਨੂੰ ਆਪਣੀ ਨਿਤਾ-ਪ੍ਰਤੀ ਦੀ ਪ੍ਰਕਿਰਿਆ ਬਾਰੇ ਸਰਕਾਰ ਨੂੰ ਦੱਸਣਾ ਪਿਐ- ਕਿ ਉਹ ਕੇਵਲ ਸ਼ਨੀਵਾਰ ਤੇ ਐਤਵਾਰ ਹੀ ਬਾਹਰ ਨਿਕਲੇਗਾ, ਰਾਤੀਂ ਸੱਤ ਵਜੇ ਤੋਂ ਸਵੇਰੇ ਪੰਜ ਵਜੇ ਤੱਕ, ਪਰ ਸ਼ਰਾਬ ਦੇ ਠੇਕਿਆਂ ਤੇ ਉਹ ਰਾਤ ਨੂੰ ਨੌਂ ਵਜੇ ਤੱਕ ਵੀ ਨਹੀਂ ਜਾਵੇਗਾ, ਹਾਂ ਜੇ ਕਦੇ ਉਸਨੂੰ ਖੁਦ ਨੂੰ ਲੋੜ ਪਈ ਤਾਂ ਉਹ ਦੇਰ ਰਾਤ ਵੀ ਠੇਕਾ ਖੁਲਵਾਕੇ ਘੁਟ ਲਾ ਲਿਆ ਕਰੇਗਾ।

ਕਰੋਨਾ ਨੇ ਗਿਲਾ ਜ਼ਾਹਿਰ ਕੀਤਾ ਕਿ ਮਜ਼ਬੂਰਨ ਉਸਨੂੰ ਕੁਝ ਸਮਝੌਤੇ ਵੀ ਸਰਕਾਰ ਨਾਲ ਕਰਨੇ ਪਏ ਜਿਵੇਂ ਸੈਨੇਟਾਈਜਰ ਦੀ ਥਾਂ ਸਾਬਣ ਨਾਲ ਹੱਥ ਧੋ ਲਏ ਜਾਣ, ਟੈਸਟ ਤੋਂ ਬਗੈਰ ਉਹ ਕਦੇ ਪ੍ਰਗਟ ਨਹੀਂ ਹੋਵੇਗਾ। ਕਿਸੇ ਵੀ ਸਮਾਗਮ ਵਿੱਚ 50 ਬੰਦਿਆਂ ਤਕ ਤੇ ਸ਼ਮਸਾਨ ਘਾਟ ਵਿੱਚ ਕਿਸੇ ਦੇ ਸਸਕਾਰ ਕਰਨ ਵੇਲੇ 20 ਬੰਦਿਆਂ ਤੱਕ ਉਹ ਕੁਝ ਨਹੀਂ ਕਹੇਗਾ। ਬੱਸਾਂ ਵਿੱਚ ਅੱਧੀਆਂ ਸਵਾਰੀਆਂ ਹੋਣ ਤੱਕ, ਕਾਰਾਂ 'ਚ ਤਿੰਨ ਮੈਂਬਰਾਂ ਤੱਕ, ਦੁਪਹੀਆ ਵਾਹਨਾਂ ਤੇ ਦੋ ਸਵਾਰੀਆਂ ਤੱਕ ਉਹ ਕਿਸੇ ਨੂੰ ਨਹੀਂ ਛੂਹੇਗਾ। ਸਰਕਾਰੀ ਜਾਂ ਗੈਰ ਸਰਕਾਰੀ ਅਦਾਰਿਆਂ ਵਿੱਚ ਕਰਮਚਾਰੀਆਂ ਦੀ ਅੱਧੀ ਗਿਣਤੀ ਤੱਕ। ਉਹ ਕੋਈ ਕਿੰਤੂ ਪਰੰਤੂ ਨਹੀਂ ਕਰੇਗਾ। ਪਰ ਜੇ ਅੱਧ ਤੋਂ ਵਧ ਹਾਜ਼ਰੀ ਟੱਪ ਗਈ ਤਾਂ ਹੱਲਾ ਬੋਲ ਦੇਵੇਗਾ। ਇਸ ਤੋਂ ਇਲਾਵਾ ਸਮੇਂ ਸਮੇਂ ਆਪਣੇ ਯਾਰ 'ਵਿਸ਼ਵ ਸਿਹਤ' ਸੰਗਠਨ ਨੂੰ ਵੀ ਆਪਣੇ ਦਿਲ ਦੀਆਂ ਗੱਲਾਂ ਦਸਿਆ ਕਰੇਗਾ। ਜਿੰਨ੍ਹਾਂ ਪੱਤਰਕਾਰਾਂ ਕੋਲ ਸਰਕਾਰੀ ਈ ਪਾਸ ਹੋਣਗੇ, ਉਹ ਉਹਨਾਂ ਨੂੰ ਵੀ ਬਿਲਕੁਲ ਪਰੇਸ਼ਾਨ ਨਹੀਂ ਕਰੇਗਾ ਆਦਿ। ਏਨਾ ਸਮਝੌਤਿਆ ਤਹਿਤ ਕਰੋਨਾ ਨੇ ਆਪਣਾ ਕੰਮ ਹਾਲੇ ਸ਼ੁਰੂ ਹੀ ਕੀਤਾ ਸੀ ਕਿ ਕਪਤਾਨ ਸਾਹਿਬ ਨੇ 'ਮਿਸ਼ਨ ਫਤਿਹ' ਦਾ ਐਲਾਨ ਕਰ ਦਿੱਤਾ-ਉਸਦਾ ਹਾਲ ਤਾਂ 'ਸੱਪ ਦੇ ਮੂੰਹ ਆਈ ਕੋਹੜ ਕਿਰਲੀ' ਵਰਗਾ ਹੋ ਗਿਆ।

ਕਰੋਨਾ ਨੇ ਬੜੇ ਦੁਖੀ ਮਨ ਨਾਲ ਦੱਸਿਆ ਕਿ ਉਹ ਇਸ ਗੱਲ ਤੋਂ ਪਰੇਸ਼ਾਨ ਨਹੀਂ ਕਿ ਉਸਦੇ ਕਾਰਨ ਲੋਕਾ ਨੂੰ ਜ਼ੁਕਾਮ, ਬੁਖਾਰ, ਖੰਘ, ਗਲਾ ਖ਼ਰਾਬ ਆਦਿ ਹੋ ਜਾਂਦਾ ਹੈ ਤੇ ਕੋਈ ਕੋਈ ਮਰ ਵੀ ਜਾਂਦਾ ਹੋਵੇਗਾ ਪਰ ਦੁਖ ਤੇ ਹੈਰਾਨੀ ਵਾਲੀ ਗੱਲ ਉਸ ਲਈ ਇਹ ਹੈ ਕਿ ਕੋਈ ਵੀ, ਕਿਸੇ ਵੀ ਬੀਮਾਰੀ ਨਾਲ ਟੀਬੀ, ਕੈਂਸਰ, ਹਾਰਟਅਟੈਕ ਨਾਲ ਮਰ ਜਾਂਦਾ ਹੈ, ਪਰ ਸਰਕਾਰੀ ਡਾਕਟਰ ਸਭ ਉਸ ਦੇ ਖਾਤੇ ਪਾ ਦਿੰਦੇ ਨੇ-ਉਸਦਾ ਹਾਲ ਤਾਂ ਪੰਜਾਬ ਵਿਚ ਅਤਿਵਾਦ ਦੇ ਸਮੇਂ ਵਾਲਾ ਹੋ ਗਿਆ ਹੈ। ਪੁਲਸੀਏ ਜੀਹਨੂੰ ਵੀ ਗੱਡੀ ਚੜਾਉਣਾ ਹੁੰਦਾ ਸੀ, ਆਪਣੇ ਮੋਢੇ ਤੇ ਫੀਤੀ ਲਾਉਣ ਲਈ, ਕਿਸੇ ਨੂੰ ਖੁਸ਼ ਕਰਨ ਲਈ, ਜਾਂ ਲਾਲਚ ਵਸ ਅਤਿਵਾਦੀ, ਕਰਾਰ ਦੇ ਕੇ, ਮੁਕਾਬਲੇ 'ਚ ਮਾਰ ਮੁਕਾਉਂਦੇ ਸਨ- ਕਰੋਨਾ ਨੇ ਭਾਵਕ ਹੁੰਦੇ ਦੱਸਿਆ ਕਿ ਉਸ ਨਾਲ ਤਾਂ ਉਸ 'ਚੋਰ' ਨਾਲੋਂ ਵੀ ਭੈੜੀ ਹੋਈ ਜੋ, ਮਾੜੀ ਮੋਟੀ ਚੋਰੀ ਕਰਦਾ ਫੜਿਆ ਗਿਆ ਸੀ-ਪੁਲਸ ਥਾਣੇ ਵਾਲੇ ਉਸਨੂੰ ਕੁੱਟ ਕੁੱਟ ਕੇ ਲੱਗੇ ਸੱਭ ਚੋਰੀਆਂ ਮਨਾਉਣ-ਥਾਣੇਦਾਰ ਸਾਹਿਬ ਆਪ ਵੀ ਚੋਰ ਨੂੰ ਕੁੱਟਣ ਵਾਲੀ, ਸੇਵਾ ਕਰ ਰਹੇ ਸਨ ਕਿ ਉਹਨਾਂ ਦੇ ਘਰੋਂ ਫੋਨ ਆ ਗਿਆ ਕਿ ਉਹਨਾਂ ਦੇ ਮੁੰਡਾ ਹੋਇਆ ਹੈ, ਚੋਰ ਵਿਚਾਰਾ ਹੱਥ ਜੋੜ ਕੇ ਖੜ ਗਿਆ 'ਸਾਹਬ ਇਹ ਮੇਰੇ ਖਾਤੇ 'ਚ ਨਾ ਪਾਇਓ'।

'ਕਰੋਨਾ' ਨੇ ਆਪਣੇ ਤੇ ਲੱਗ ਰਹੇ ਦੋਸ਼ਾਂ ਦਾ ਖੰਡਨ ਕਰਕੇ, ਅਸਲੀਅਤ ਬਿਆਨ ਕਰਦਿਆਂ ਦੱਸਿਆ ਕਿ "ਪਤਾ ਨਹੀਂ ਕਿਉਂ ਸਾਰਾ ਸੰਸਾਰ ਹੀ ਮੇਰੇ ਪਿੱਛੇ ਹੱਥ ਧੋ ਕੇ ਪੈ ਗਿਆ ਹੈ। ਮੈਨੂੰ ਮਾਰਨ ਲਈ ਬਹੁਤ ਹੀ ਅੱਡੀ ਚੋਟੀ ਦਾ ਜ਼ੋਰ ਲਾਇਆ ਜਾ ਰਿਹਾ ਹੈ। ਜਦ ਕਿ ਮੈਂ ਬਹੁਤ ਹੀ ਸ਼ਲਾਘਾ ਯੋਗ ਕੰਮ ਕੀਤੇ ਹਨ।" ਆਪਣੇ ਕੀਤੇ ਕੰਮਾਂ ਦਾ ਵੇਰਵਾ ਉਸਨੇ ਇਸ ਤਰ੍ਹਾਂ ਦੱਸਿਆ ਕਿ ਦੀਵਾਲੀ ਤੋਂ ਪਹਿਲਾਂ ਹੀ ਘਰਾਂ ਦੀ ਸਾਫ ਸਫਾਈ ਕਰਵਾ ਦਿੱਤੀ ਹੈ, ਮਰਦਾਂ ਜਾਂ ਪੁਰਸ਼ਾਂ ਨੂੰ ਰਸੋਈ ਆਦਿ ਦਾ ਕੰਮ ਕਰਨ ਦੀ ਚੇਟਕ ਲਾਈ, ਬਿਨ੍ਹਾਂ ਪੜ੍ਹਿਆ ਭਾਵ ਡਾਕਟਰੀ ਇਮਤਿਹਾਨਾਂ ਤੋਂ ਬਗੈਰ ਹੀ, ਹਜ਼ਾਰਾਂ ਡਾਕਟਰ ਪੈਦਾ ਕਰ ਦਿਤੇ ਜੋ ਘਰੇਲੂ ਨੁਖਸਿਆਂ ਤੇ ਵੱਖ-ਵੱਖ ਕਾੜ੍ਹਿਆਂ ਨਾਲ ਉਸ ਤੋਂ (ਕਰੋਨਾ) ਬਚਣ ਦੀ ਸਲਾਹ ਦੇ ਰਹੇ ਨੇ, ਬੇਲੋੜੇ ਵਿਆਹ ਮੰਗਣੇ ਤੇ ਮਰਗਤ ਦੇ ਭੋਗਾਂ ਤੇ ਹੋਣ ਵਾਲੇ ਖਰਚ ਨੂੰ ਘਟਾਇਆ। ਬਾਬਾ ਰਾਮ ਦੇਵ ਤਾਂ ਕੇਵਲ ਆਪ ਹੀ ਪੁੱਠਾ ਸਿੱਧਾ, ਢਿੱਡ ਨੂੰ ਘੁੰਮਾਉਂਦਿਆਂ, ਉੱਸਲ ਵੱਟੇ ਲੈ ਕੇ, ਟੀ.ਵੀ ਉੱਤੇ ਯੋਗ ਸਿਖਾਉਂਦਾ ਸੀ ਪਰ ਉਸਦੇ (ਕਰੋਨਾ) ਪ੍ਰਭਾਵ ਕਾਰਨ, ਲੋਕਾਂ ਨੇ ਸਹੀ ਮਾਹਨਿਆਂ 'ਚ ਯੋਗ ਆਸਣਾਂ ਨੂੰ ਅਪਨਾ ਲਿਆ। ਲੱਗਭੱਗ ਦੋ ਮਹੀਨਿਆ ਤੱਕ ਬੱਸਾਂ, ਟਰੱਕਾਂ, ਕਾਰਾਂ ਤੇ ਦੋ ਪਹੀਆ ਵਾਹਨਾਂ 'ਚ ਡੀਜਲ ਤੇ ਪਟਰੋਲ ਦੀ ਘੱਟ ਤੋਂ ਘੱਟ ਵਰਤੋਂ ਕਰਾਕੇ, ਰਾਸ਼ਟਰ ਦੀ ਅਰਥ-ਵਿਵਸਥਾ 'ਚ ਯੋਗਦਾਨ ਪਾਇਆ। ਇਹ ਵੱਖਰੀ ਗੱਲ ਹੈ ਕਿ ਉਸਦੇ ਥੋੜੀ ਜੇਹੀ ਢਿੱਲ ਦਿੰਦਿਆਂ ਹੀ ਡੀਜਲ, ਪਟਰੋਲ ਇਕ ਦਮ ਛਾਲਾਂ ਮਾਰਕੇ ਵਧਣੇ ਸ਼ੁਰੂ ਹੋ ਗਏ।

ਇਕ ਹੋਰ ਵੱਡੀ ਪ੍ਰਾਪਤੀ 'ਕਰੋਨਾ' ਨੇ ਆਪਣੀ ਦੱਸੀ ਕਿ ਸਭ ਵਿਦਿਆਰਥੀ ਬਿਨਾਂ ਸਕੂਲ ਕਾਲਜ ਜਾਇਆਂ, ਬਗੈਰ ਇਮਤਿਹਾਨ ਦਿਤਿਆਂ ਹੀ, ਅਗਲੀਆਂ ਕਲਾਸਾਂ



'ਚ ਚਲੇ ਗਏ ਭਾਵ ਕਿ ਉਸ ਦੇ ਕਾਰਨ ਨਿਕੰਮੇ ਤੋਂ ਨਿਕੰਮੇ ਵਿਦਿਆਰਥੀ ਵੀ ਪਾਸ ਹੋ ਗਏ। ਬੈਂਕਾਂ ਤੋਂ ਨਿਜੀ ਕਰਜੇ ਲੈਣ ਵਾਲੇ, ਖੇਤੀ ਬਾੜੀ ਸਬੰਧੀ ਜਾਂ ਵਪਾਰਕ ਕਰਜਿਆਂ ਵਾਲੇ ਗਾਹਕਾਂ ਨੂੰ, ਉਨ੍ਹਾਂ ਦੇ ਕਰਜਿਆਂ ਦੀਆਂ ਕਿਸ਼ਤਾਂ ਵਿੱਚ ਛੋਟ ਮਿਲ ਗਈ। ਭਾਰਤੀ ਰਿਜਰਵ ਬੈਂਕ ਨੂੰ ਵੀ ਆਪਣੇ ਵਿਆਜ ਦਰ 'ਚ ਕਟੌਤੀ ਕਰਨੀ ਪਈ-ਇਹ ਸਭ ਕੁਝ ਉਸ ਦੇ ਕਾਰਨ ਹੀ ਵਾਪਰਿਆ ਹੈ।

ਇਕ ਗੱਲ ਜੋ ਸਭ ਤੋਂ ਉੱਤਮ ਮੰਨੀ ਗਈ ਹੈ ਤੇ ਇਸਦਾ ਸਿਹਰਾ ਵੀ ਉਸਨੂੰ (ਕਰੋਨਾ) ਨੂੰ ਹੀ ਮਿਲਿਆ ਹੈ। ਪਹਿਲਾਂ ਜੋ ਬੱਸਾਂ, ਗੱਡੀਆਂ ਤੇ ਕਾਰਖਾਨਿਆਂ ਦੇ ਧੂੰਏ ਦੇ ਪ੍ਰਦੂਸ਼ਣ ਫ਼ੈਲਣ ਕਾਰਨ, ਕੁਦਰਤੀ ਵਾਤਾਵਰਣ ਦੂਸ਼ਿਤ ਹੋਇਆ ਸੀ, ਉਸ ਵਿੱਚ ਸਵੱਛਤਾ ਆਈ, ਅੰਬਰ ਵਿੱਚ ਅਣਗਿਣਤ ਤਾਰਿਆਂ ਦੀ ਜਗਮਗ ਹੋਈ, ਖੇਤਾਂ ਵਿਚ ਹਰਿਆਲੀ ਪਰਤੀ, ਪ੍ਰਕਿਰਤੀ ਵਿੱਚ ਸ਼ਾਂਤ ਵਾਤਾਵਰਣ ਦਾ ਆਗਮਨ ਹੋਇਆ। ਕੁਦਰਤੀ ਵਾਤਾਵਰਨ ਨੂੰ ਬਹਾਲ ਕਰਨ ਤੋਂ ਬਿਨ੍ਹਾਂ, ਉਸਨੇ ਆਮ ਜਨ-ਜੀਵਨ ਵਿਚ ਵੀ 'ਉਤਮ ਜੀਵਨ-ਜਾਚ' ਤੇ ਸਧਾਰਨ ਖਾਣ ਪੀਣ ਵੱਲ ਲੋਕਾਂ ਨੂੰ ਪ੍ਰੇਰਿਤ ਕੀਤਾ। ਖਾਸ ਕਰਕੇ ਇਸਤਰੀ ਜਾਤੀ ਲਈ ਸਾਧਾਰਨ ਪਹਿਰਾਵਾ, ਬਿਨ੍ਹਾਂ ਹਾਰ ਸ਼ਿੰਗਾਰ ਤੇ ਬਿਊਟੀ ਪਾਰਲਰ ਦੇ ਬੇਲੋੜੇ ਖਰਚਿਆਂ ਤੋਂ ਮੁਕਤ ਕਰਕੇ, ਘਰ ਗ੍ਰਿਹਸਤੀ ਨੂੰ ਆਰਥਿਕ ਪੱਖੋਂ ਮਜ਼ਬੂਤ ਕਰਨ ਦਾ ਉਪਰਾਲਾ ਕੀਤਾ।

ਇਸ ਤੋਂ ਬਿਨ੍ਹਾਂ ਸਿਨੇਮਾ ਟੀ.ਵੀ. ਸੀਰੀਅਲਾਂ, ਗਾਇਕਾਂ ਦੇ ਵਾਹਯਾਤ ਗਾਣਿਆਂ ਉੱਤੇ, ਬਾਂਦਰ ਟਪੂਸੀਆਂ ਰਾਹੀਂ, ਪ੍ਰਦਰਸ਼ਿਤ ਕਰਨ ਤੋਂ ਵੀ ਖਹਿੜਾ ਛੁਡਾ ਕੇ ਕਵੀਆਂ, ਕਹਾਣੀਕਾਰਾਂ, ਨਾਵਲਕਾਰਾਂ ਕਲਮਕਾਰਾਂ, ਚਿਤਰਕਾਰਾਂ ਲਈ ਆਪਣੀਆਂ ਰਚਨਾਵਾਂ ਲਿਖਣ ਲਈ, ਖੁੱਲਾ ਸਮਾਂ ਤੇ ਸ਼ਾਂਤ ਮਾਹੌਲ ਪ੍ਰਦਾਨ ਕੀਤਾ। ਜਿਵੇਂ ਅਠਾਰਵੀਂ ਸਦੀ ਦਾ ਸਮਾਂ ਜੰਗਾਂ-ਯੁੱਧਾਂ ਦਾ ਹੋਣ ਦੇ ਬਾਵਜੂਦ ਵੀ, ਉਸ ਸਮੇਂ ਬਹੁਤ ਉਚ ਪਾਏ ਦਾ ਸਾਹਿਤ ਰਚਿਆ ਜਾਣ ਕਰਕੇ, ਇਤਿਹਾਸਕਾਰਾਂ ਨੇ ਉਸਨੂੰ 'ਸੁਨਹਿਰੀ ਕਾਲ' ਦਾ ਨਾਂ ਦਿਤਾ ਹੈ। ਇਸੇ ਤਰਾਂ 'ਕਰੋਨਾ' ਦੀ ਇਸ ਵਿਸ਼ੇਸ਼ ਦੇਣ ਨੂੰ ਮੱਦੇ ਨਜ਼ਰ ਰਖਦੇ ਹੋਏ, ਇਤਿਹਾਸਕਾਰ ਉਸਦੇ (ਕਰੋਨਾ) ਸਮੇਂ ਨੂੰ 'ਸੁਨਹਿਰੀ ਨਹੀਂ ਤਾਂ ਸਿਲਵਰ ਕਾਲ' ਇਤਿਹਾਸ ਵਿੱਚ ਦਰਜ ਕਰਕੇ ਕਰੋਨਾ ਦੀ ਯਾਦ ਨੂੰ ਸਦਾ ਲਈ ਅਮਰ ਕਰਨਗੇ।

ਜਿੱਥੋਂ ਤੱਕ ਹਾਸ ਵਿਅੰਗ ਦੇ ਖੇਤਰ ਦਾ ਸੁਆਲ ਹੈ 'ਕਰੋਨਾ ਕੀੜੇ' ਨੇ ਇਸ ਵਿੱਚ ਤਾਂ ਬਹੁਤ ਹੀ ਭਰਵਾਂ ਯੋਗਦਾਨ ਪਾਇਆ ਹੈ। ਅਣਗਿਣਤ ਲੋਕਾਂ ਨੇ ਮੋਬਾਇਲ ਦੀਆਂ ਐਪਸ (ਟਿਕ ਟੌਕ) ਆਦਿ ਤੋਂ ਬੜੀਆਂ ਹਾਸੇ ਭਰਪੂਰ ਨਿਕੀਆਂ-ਨਿਕੀਆਂ ਛੁਰਲੀਆਂ ਛੱਡੀਆਂ ਹਨ:

ਹਸਪਤਾਲ ਵਿੱਚ ਬਾਬਾ ਖੰਘਦਾ ਸੀ ਆ ਗਿਆ
ਬੱਕਰੇ ਦੇ ਵਾਂਗ ਹੈਲਥ ਸਟਾਫ ਨੇ ਸੀ ਢਾਹ ਲਿਆ
ਨੂੜ ਲਿਆ ਬਾਬਾ, ਪਿਛੇ ਬਾਹਾਂ ਬੰਨ ਕੇ
ਕਿਸੇ ਭੱਜ ਲਾ ਲਿਆ ਸੀ, ਯੰਤਰ ਉਹਦੇ ਕੰਨ ਤੇ
ਮੂੰਹ ਤੇ ਹੱਥ ਰੱਖ, ਚੰਗੀ ਤਰ੍ਹਾਂ ਕਾਬੂ ਕਰ ਲਿਆ
ਨਰਸ ਨੇ ਤੁਰੰਤ, ਉਹ ਦਾ ਸੈਂਪਲ ਭਰ ਲਿਆ
ਰਿਪੋਰਟ ਸਹੀ ਵੇਖ ਕੇ, ਸਭ ਨੇ ਸਾਹ ਲਿਆ ਸੁਖ ਦਾ
ਖੰਘਦਾ ਕਿਉਂ ਆਇਆਂ, ਤੇਰਾ ਕੀ ਸੀ ਦੁਖਦਾ ?
ਮਾਰ ਕੇ ਖੰਘੂਰਾ ਮੈਂ ਸੀ ਨਿਤ ਘਰੇ ਵੜ੍ਹਦਾ
ਤਾਂ ਕਿ ਨੂੰਹ ਮੇਰੀ ਕਰ ਲਵੇ ਮੈਥੋਂ ਪਰਦਾ
ਏਥੇ ਨਰਸ ਲੱਗੀ ਹੈ, ਨੂੰਹ ਮੇਰੇ ਭਾਈ ਦੀ
ਟਿਫਨ ਰੋਟੀ ਦਾ ਫੜਾਨ ਆਇਆ, ਜੋ ਉਹ ਭੁਲ ਆਈ ਸੀ
ਆਦਤ ਮੁਤਾਬਕ ਮੈਥੋਂ ਗਿਆ ਖੰਘਿਆਂ
ਕਰੋਨਾਂ ਦੇ ਸ਼ੱਕ ਵਿੱਚ ਤਾਂ ਹੀ ਗਿਆ ਟੰਗਿਆ।

..........

ਪਤੀ ਦੇਵ ਕਹਿੰਦੇ ਅੱਜ ਸਬਜੀ ਕਿਦਾਂ ਦੀ ਬਣਾਈ ਏ
ਲੂਣ ਮਿਰਚ ਦਾ ਨਾ ਪਤਾ ਲਗੇ, ਪਾਈ ਐ ਕਿ ਨਹੀਂ ਪਾਈ ਏ
ਬੇਸ਼ਕ ਭਾਗਵਾਨੇ ਤੂੰ ਭੜਥਾ ਸ਼ੌਕ ਨਾਲ ਬਣਾਇਆ ਏ
ਪਰ ਮੈਨੂੰ ਖਾ ਕੇ ਨਾ, ਭੋਰਾ ਸੁਆਦ ਆਇਆ ਏ
ਪਤਨੀ ਨੇ ਝੱਟ ਫੋਨ, ਹਸਪਤਾਲ ਖੜਕਾਇਆ ਏ
ਰੈੱਡ ਕਰਾਸ ਵਾਲੀ ਵੈਨ ਲੈ ਕੇ, ਹੈਲਥ ਸਟਾਫ ਆਇਆ ਏ
ਧੱਕੇ ਨਾਲ ਫੜ ਕੇ , ਉਹਨੂੰ ਵੈਨ ਵਿੱਚ ਸੁਟ ਲਿਆ
ਹਸਪਤਾਲ ਲਿਜਾਕੇ 14 ਦਿਨ ਲਈ ਕੁਆਰਟੇਨ ਕਰ ਦਿਤਾ
ਸਟੈਚਰ ਉੱਤੇ ਪਿਆ, ਰੌਲਾ ਪਾਈ ਜਾਂਦਾ ਏ
ਜੋ ਮਰਜੀ ਖੁਆਓ, ਸਭ ਸੁਆਦ ਆਂਦਾ ਏ।

ਕੁੱਝ ਵੀ ਹੋਵੇ ਇਸ ਕਰੋਨਾ ਨਾਂ ਦੇ ਵਾਇਰਿਸ ਦੇ ਕੀੜੇ ਨੇ, ਜਿੱਥੇ ਲੋਕਾਂ ਨੂੰ ਚੁਟਕਲਿਆਂ, ਹਾਸੀ ਮਜਾਕ ਦੀਆਂ ਸਕਿੱਟਾਂ ਦੁਆਰਾ, ਭਰਪੂਰ ਮਨੋਰੰਜਨ ਦਿਤਾ ਹੈ, ਉਥੇ ਇਸ ਕੁਦਰਤੀ ਜਾਂ ਰਚੀ ਹੋਈ ਮਹਾਂਮਾਰੀ ਜਾਂ ਆਫ਼ਤ ਨੇ ਲੋਕਾਂ ਨੂੰ ਉਹਨਾਂ ਦੀ ਔਕਾਤ ਜਰੂਰ ਦਿਖਾ ਦਿਤੀ ਹੈ। ਮਹਾਂਕਰਨੀ ਵਾਲੇ ਸੰਤ, ਮਹਾਂਪੁਰਸ਼, ਤਾਂਤਰਿਕ ਜੋ ਲੋਕਾਂ ਨੂੰ ਭੈਅ ਮੁਕਤ ਕਰਦੇ ਸਨ। ਸਭ ਆਪਣੀਆਂ ਜਾਨਾਂ ਬਚਾਉਣ ਲਈ ਗੁਫ਼ਾਵਾਂ ਤੇ ਘੁਰਨਿਆਂ ਵਿੱਚ ਜਾ ਲੁਕੇ। ਵੱਡੇ ਵੱਡੇ ਸੇਠ ਜੋ ਹਰ ਵਕਤ ਤਿਜੋਰੀਆਂ ਭਰਨ ਲਈ, ਭੱਜੇ ਫਿਰਦੇ ਸਨ, ਜਿਨ੍ਹਾਂ ਕੋਲ ਗੱਲ ਕਰਨ ਦੀ, ਖਾਣ ਪੀਣ ਦੀ , ਕਿਸੇ ਨਾਲ ਦੁੱਖ ਸੁੱਖ ਸਾਂਝਾ ਕਰਨ ਦੀ ਵੀ ਵਿਹਲ ਨਹੀਂ ਸੀ- ਇਸ ਸਮੇਂ ਆਪਣੀਆਂ ਮਹਿਲ-ਨੁਮਾ ਕੋਠੀਆਂ ਵਿੱਚ, ਅਲੀਸ਼ਾਨ ਬੈਡਾਂ ਤੇ ਸ਼ਾਹੀ ਕੁਰਸੀਆਂ ਨੂੰ ਤੋੜਨ ਤੋਂ ਇਲਾਵਾ, ਉਹਨਾਂ ਕੋਲ ਹੋਰ ਕੋਈ ਚਾਰਾ ਨਹੀਂ ਸੀ ਬਚਿਆ। ਭਾਂਤ ਭਾਂਤ ਦੇ ਖਾਣੇ ਕੁਝ ਦਿਨ ਤਾਂ ਉਹ ਖਾ ਕੇ, ਅਪਣੇ ਵਧੇ ਹੋਏ ਢਿੱਡਾਂ 'ਚ, ਹੋਰ ਇਜ਼ਾਫਾ ਕਰਦੇ ਰਹੇ ਤੇ ਫਿਰ ਜਦੋਂ 'ਲਾਕ ਡਾਊਨ' ਹਨੂੰਮਾਨ ਦੀ ਪੂਛ ਦੀ ਤਰ੍ਹਾਂ ਵਧਦਾ ਹੀ ਗਿਆ ਤਾਂ ਮਾਯੂਸ਼ ਬੁਥੀਆਂ ਨਾਲ ਇਕ ਦੂਜੇ ਵੱਲ ਝਾਕਦੇ ਹੋਏ, ਆਪਣੇ ਵਪਾਰਾਂ ਦੇ ਰੋਣੇ ਰੋਣ ਲੱਗ ਪਏ।

ਇਸ ਕਰੋਨਾ ਨਾਂ ਦੇ ਕੀੜੇ ਨੇ ਆਮ ਜਨ-ਜੀਵਨ 'ਚ ਕਿੰਨਾ ਉੱਥਲ-ਪੁਥਲ ਕਰਕੇ ਰੱਖ ਦਿੱਤਾ- ਪਹਿਲਾਂ ਇਹ ਸਮਝਿਆ ਜਾਂਦਾ ਸੀ ਕਿ ਪੜ੍ਹਾਈ ਬਹੁਤ ਜਰੂਰੀ ਹੈ-ਪਰ ਜ਼ਰੂਰੀ ਤਾਂ ਸ਼ਰਾਬ ਨਿਕਲੀ, ਜਿਸ ਵਾਸਤੇ ਸੱਭ ਤੋਂ ਵੱਧ ਸਮਾਂ ਪ੍ਰਦਾਨ ਕੀਤਾ ਗਿਆ ਤੇ ਸਕੂਲ ਕਾਲਜ ਬੰਦ ਰਹਿਣ ਦੇ ਫ਼ੁਰਮਾਨ ਦਰ ਫ਼ੁਰਮਾਨ ਜਾਰੀ ਕੀਤੇ ਗਏ। ਕਮਾਲ ਦੀ ਗੱਲ ਇਹ ਵੀ ਹੋਈ ਕਿ ਜਿੱਥੇ ਪਹਿਲਾਂ ਆਪਣਾ ਨੱਕ ਮੂੰਹ ਢੱਕ ਕੇ ਆਉਣ ਜਾਣ ਤੇ ਪਾਬੰਦੀ ਸੀ, ਭਾਵ ਕਿ ਕੋਈ ਵੀ ਆਪਣਾ ਨੱਕ ਮੂੰਹ ਨਹੀਂ ਸੀ ਢਕ ਸਕਦਾ, ਉਥੇ ਇਸ (ਕਰੋਨਾ) ਸਮੇਂ ਹਰ ਇਕ ਲਈ ਆਪਣਾ ਨੱਕ ਮੂੰਹ ਢੱਕਕੇ ਆਉਣਾ ਜਾਣਾ ਜਰੂਰੀ ਕਰ ਦਿੱਤਾ- ਸਗੋਂ ਨਾ ਢਕਣ ਵਾਲਿਆਂ ਤੇ ਭਾਰੀ ਜੁਰਮਾਨੇ ਦੇ ਹੁਕਮ ਜਾਰੀ ਕਰ ਦਿੱਤੇ ਗਏ। ਸਮਾਂ ਆਪਣੀ ਏਨੀ ਪੁੱਠੀ ਚਾਲੇ ਵੀ ਚਲ ਸਕਦਾ ਸੀ ਕਿ 'ਰਬ ਦੇ ਘਰਾਂ' ਨੂੰ ਤਾਲੇ ਲਾ ਦਿਤੇ ਗਏ-ਪਰ ਸ਼ਰਾਬ ਦੇ ਠੇਕੇ ਦੇਰ ਰਾਤ ਲਈ ਖੋਲੇ ਜਾਣ ਲੱਗੇ। ਕੁਝ ਵੀ ਹੋਵੇ-ਇਸ 'ਕਰੋਨਾ' ਨੇ ਖੂਨ ਦੇ ਰਿਸ਼ਤਿਆਂ ਨੂੰ ਵੀ ਲੀਰੋ ਲੀਰ ਕਰ ਕੇ ਰੱਖ ਦਿਤਾ-ਪਰਾਏ ਤਾਂ ਪਹਿਲਾ ਹੀ ਪਰਾਏ ਹੁੰਦੇ ਸਨ ਪਰ ਇਸ ਸਮੇਂ ਤਾਂ ਆਪਣੇ ਸਗੋਂ ਹੋਰ ਵੀ ਪਰਾਏ ਹੋ ਗਏ- ਆਪਣੇ ਸਕੇ ਸੰਬੰਧੀਆਂ ਦੇ ਅੰਤਮ ਦਰਸ਼ਨ ਕਰਨ ਤੋਂ ਵੀ ਲੋਕ ਗੁਰੇਜ਼ ਕਰਨ ਲੱਗੇ ! ਇਸ ਤੋਂ ਵੱਧ ਹੋਰ ਕਿਹੜਾ ਕਲਯੁਗ ਆਵੇਗਾ। ਕਰੋਨਾ ਜ਼ਿੰਦਾਬਾਦ।

# ਮਿਹਨਤ ਨਾਲ ਕਮਾਈ ਜਾਂਦੀ ਹੈ ਫ਼ੁਰਸਤ



ਕਾਮਯਾਬੀ ਇਸ ਵਿਸ਼ਵਾਸ ਦੇ ਆਧਾਰ ਤੇ ਹੁੰਦੀ ਹੈ ਕਿ ਲੋਕ ਪੁੱਛਣ ਕਿ ਕਿੰਨਾ ਜ਼ਿਆਦਾ ਸਮਾਂ ਹੋਇਆ ਹੈ ਨਾ ਕਿ ਕਿੰਨਾ ਘੱਟ? ਕਿੰਨੇ ਜ਼ਿਆਦਾ ਘੰਟੇ ਲੱਗੇ ਹਨ, ਨਾ ਕਿ ਕਿੰਨੇ ਘੱਟ? ਸਫਲ ਸੰਗੀਤਕਾਰ ਰੋਜ਼ਾਨਾ ਪ੍ਰੈਕਟਿਸ ਕਰਦੇ ਹਨ ਵਿਜੇਤਾ ਨੂੰ ਜਿੱਤ ਤੇ ਸ਼ਰਮਿੰਦਾ ਹੋਣ ਦੀ ਲੋੜ ਨਹੀਂ ਕਿਉਂਕਿ ਉਸ ਨੇ ਉਸ ਨੂੰ ਲੰਮੇ ਸਮੇਂ ਤੱਕ ਸਖਤ ਮਿਹਨਤ ਕਰਕੇ ਹੀ ਹਾਸਲ ਕੀਤਾ ਹੈ। ਕਾਮਯਾਬੀ ਆਸਾਨੀ ਨਾਲ ਨਹੀਂ ਮਿਲਦੀ। ਹਰ ਵਸਤੂ ਜਿਸ ਦਾ ਅਸੀਂ ਆਨੰਦ ਲੈ ਰਹੇ ਹਾਂ ਕਿਸੇ ਨਾ ਕਿਸੇ ਸਖਤ ਮਿਹਨਤ ਦਾ ਨਤੀਜਾ ਹੈ। ਕੁਝ ਕੰਮ ਤਾਂ ਸਾਨੂੰ ਦਿੱਸਦਾ ਹੈ ਅਤੇ ਕੁਝ ਅਣਵੇਖਿਆ ਹੀ ਰਹਿ ਜਾਂਦਾ ਹੈ। ਪਰ ਦੋਵਾਂ ਹੀ ਕੰਮਾਂ ਦਾ ਮਹੱਤਵ ਬਰਾਬਰ ਹੈ। ਕੁਝ ਲੋਕ ਮਿਲਦਿਆਂ ਹੀ ਕੰਮ ਕਰਨਾ ਬੰਦ ਕਰ ਦਿੰਦੇ ਹਨ। ਇੰਨੀ ਬੇਰੁਜ਼ਗਾਰੀ ਹੋਣ ਦੇ ਬਾਵਜੂਦ ਵੀ ਵਧੀਆ ਕੰਮ ਕਰਨ ਵਾਲਿਆਂ ਦਾ ਅਕਾਲ ਪਿਆ ਹੋਇਆ ਹੈ। ਜ਼ਿਆਦਾਤਰ ਲੋਕ ਖਾਲੀ ਬੈਠਣ ਅਤੇ ਫ਼ੁਰਸਤ ਵਿਚ ਬੈਠਣ ਦਾ ਫਰਕ ਹੀ ਨਹੀਂ ਸਮਝ ਪਾਉਂਦੇ। ਖਾਲੀ ਬੈਠਣਾ ਸਮੇਂ ਦੀ ਚੋਰੀ ਅਤੇ ਬਰਬਾਦੀ ਹੈ ਜਦ ਕਿ ਫ਼ੁਰਸਤ ਉਹ ਸਮਾਂ ਹੈ ਜੋ ਮਿਹਨਤ ਨਾਲ ਕਮਾਇਆ ਗਿਆ ਹੈ। ਟਾਲ ਮਟੋਲ ਦਾ ਮਤਲਬ ਹੈ - ਕੰਮ ਨਾ ਕਰਨਾ, ਸ੍ਰੇਸ਼ਠਤਾ ਸਿਰਫ ਕਿਸਮਤ ਦੀ ਗੱਲ ਨਹੀਂ, ਇਹ ਸਖਤ ਮਿਹਨਤ ਅਤੇ ਵੱਡੀ ਪ੍ਰੈਕਟਿਸ ਦਾ ਨਤੀਜਾ ਹੁੰਦੀ ਹੈ। ਸਖਤ ਮਿਹਨਤ ਅਤੇ ਪ੍ਰੈਕਟਿਸ ਵਿਅਕਤੀ ਦੇ ਕੰਮਾਂ ਨੂੰ ਬਿਹਤਰ ਬਣਾਉਂਦੀ ਹੈ। ਫਿਰ ਚਾਹੇ ਉਹ ਕੋਈ ਵੀ ਕੰਮ ਕਿਉਂ ਨਾ ਕਰ ਰਿਹਾ ਹੋਵੇ। ਇੰਤਜ਼ਾਰ ਕਰਨ ਵਾਲਿਆਂ ਨੂੰ ਚੀਜ਼ਾਂ ਮਿਲਦੀਆਂ ਤਾਂ ਹਨ ਪਰ ਸਿਰਫ ਉਹੀ ਜੋ ਸੰਘਰਸ਼ ਕਰਨ ਵਾਲੇ ਛੱਡ ਦਿੰਦੇ ਹਨ।

-ਇਬਰਾਹੀਮ ਲਿੰਕਨ

# ਅਸੀਰੀਅਨ ਭਾਈਚਾਰੇ ਨੇ ਆਪਣੇ ਰਵਾਇਤੀ ਸਾਲ ਦੀ ਆਮਦ ’ਤੇ ਮਨਾਇਆ ਜਸ਼ਨ



ਵੈਨਕੂਵਰ, 13 ਅਪ੍ਰੈਲ (ਪ੍ਰਤੀਨਿਧੀ) : ਕੈਨੇਡਾ ਦੇ ਓਨਟਾਰਿਓ ਸੂਬੇ ਦੇ ਵਿੰਡਸਰ ਸ਼ਹਿਰ ਵਿੱਚ ਸਥਾਨਕ ਅਸੀਰੀਅਨ ਭਾਈਚਾਰੇ ਵੱਲੋਂ ਸ਼ਹਿਰ ਦੇ ਦਰਿਆ ਕਿਨਾਰੇ ਵੱਡੇ ਪੱਧਰ ’ਤੇ ਇਕੱਠੇ ਹੋ ਕੇ ਆਪਣੇ ਰਵਾਇਤੀ ਨਵੇਂ ਸਾਲ ਦੀ ਆਮਦ ਦਾ ਜਸ਼ਨ ਮਨਾਇਆ ਗਿਆ। ਇਸ ਸਮਾਗਮ ਨੇ ਹਜ਼ਾਰਾਂ ਸਾਲ ਪੁਰਾਣੀ ਸੰਸਕ੍ਰਿਤਿਕ ਵਿਰਾਸਤ ਨੂੰ ਇੱਕ ਵਾਰ ਫ਼ਿਰ ਤਾਜ਼ਾ ਕਰ ਦਿੱਤਾ।ਵੇਰਵਿਆਂ ਮੁਤਾਬਕ ‘ਖਾਬ ਨਿਸਾਨ’ ਨਾਂ ਨਾਲ ਜਾਣੇ ਜਾਂਦੇ ਇਸ ਤਿਉਹਾਰ ਦੌਰਾਨ ਸੈਂਕੜਿਆਂ ਦੀ ਗਿਣਤੀ ਵਿੱਚ ਉਕਤ ਭਾਈਚਾਰੇ ਨਾਲ ਸਬੰਧਤ ਲੋਕ ਪਰਿਵਾਰਾਂ ਸਮੇਤ ਸ਼ਾਮਲ ਹੋਏ। ਲੋਕਾਂ ਨੇ ਰਵਾਇਤੀ ਪਹਿਰਾਵੇ ਪਾ ਕੇ ਨਾਚ-ਗਾਣੇ ਕੀਤੇ ਅਤੇ ਆਪਣੇ ਪੁਰਖਿਆਂ ਦੀ ਸੰਸਕ੍ਰਿਤੀ ਨੂੰ ਜ਼ਿੰਦਾ ਰੱਖਣ ਦਾ ਸੰਦੇਸ਼ ਦਿੱਤਾ। ਸਮਾਗਮ ਦੌਰਾਨ ਸਜਾਏ ਗਏ ਰੰਗ-ਬਰੰਗੇ ਝੰਡਿਆਂ ਅਤੇ ਨਾਚ ਗਾਣੇ ਨਾਲ ਸਮੁੱਚਾ ਮਾਹੌਲ ਬਹੁਤ ਹੀ ਰੌਣਕ ਮਈ ਸਿਰਜਿਆ ਨਜ਼ਰੀਆ ਪਿਆ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤਕ ਹਰ ਵਰਗ ਦੇ ਲੋਕਾਂ ਨੇ ਇਸ ਖੁਸ਼ੀ ਵਿੱਚ ਭਾਗ ਲਿਆ ਅਤੇ ਇਕੱਠੇ ਹੋ ਕੇ ਆਪਣੀ ਕੌਮੀ ਪਛਾਣ ’ਤੇ ਮਾਣ ਜਤਾਇਆ। ਆਯੋਜਕਾਂ ਦਾ ਕਹਿਣਾ ਹੈ ਕਿ ਇਹ ਸਮਾਗਮ ਸਿਰਫ਼ ਨਵੇਂ ਸਾਲ ਦੀ ਖੁਸ਼ੀ ਨਹੀਂ, ਸਗੋਂ ਅਸੀਰੀਅਨ ਭਾਈਚਾਰੇ ਦੀ ਇਤਿਹਾਸਕ ਵਿਰਾਸਤ, ਭਾਸ਼ਾ ਅਤੇ ਸੰਸਕ੍ਰਿਤੀ ਨੂੰ ਅਗਲੀ ਪੀੜ੍ਹੀਆਂ ਤਕ ਪਹੁੰਚਾਉਣ ਦਾ ਇੱਕ ਮਹੱਤਵਪੂਰਨ ਜ਼ਰੀਆ ਵੀ ਹੈ।

# ਕੈਨੇਡਾ ਜਾਣ ਵਾਲਿਆਂ ਦੀ ਲੱਗੀ ਲਾਟਰੀ ! ਇੰਮੀਗ੍ਰੇਸ਼ਨ ਰਾਹਤ ਯੋਜਨਾ ਨੇ ਖੋਲ੍ਹੇ ਪੀ.ਆਰ. ਦੇ ਦਰਵਾਜ਼ੇ

ਟੋਰਾਂਟੋ, 13 ਅਪ੍ਰੈਲ (ਪ੍ਰਤੀਨਿਧੀ) : ਕੈਨੇਡਾ ਵਿੱਚ ਪੱਕੇ ਹੋਣ ਦੀ ਉਡੀਕ ਕਰ ਰਹੇ ਹਜ਼ਾਰਾਂ ਪੰਜਾਬੀਆਂ ਲਈ ਇੱਕ ਬਹੁਤ ਹੀ ਵੱਡੀ ਅਤੇ ਖੁਸ਼ੀ ਵਾਲੀ ਖ਼ਬਰ ਸਾਹਮਣੇ ਆਈ ਹੈ। ਕੈਨੇਡਾ ਸਰਕਾਰ ਨੇ ਆਪਣੀ ਨਵੀਂ ‘ਇੰਮੀਗ੍ਰੇਸ਼ਨ ਰਾਹਤ ਯੋਜਨਾ’ ਦੇ ਤਹਿਤ ਪੀ.ਆਰ. ਦੇ ਨਿਯਮਾਂ ਵਿੱਚ ਵੱਡੀ ਢਿੱਲ ਦੇਣ ਦਾ ਐਲਾਨ ਕੀਤਾ ਹੈ। ਇਸ ਐਲਾਨ ਨਾਲ ਹਜ਼ਾਰਾਂ ਪੰਜਾਬੀ ਨੌਜਵਾਨਾਂ ਅਤੇ ਪਰਿਵਾਰਾਂ ਨੂੰ ਰਾਹਤ ਮਿਲੀ ਹੈ। ਇਸ ਯੋਜਨਾ ਦੇ ਤਹਿਤ ਜਿਨ੍ਹਾਂ ਦੇ ਵਰਕ ਪਰਮਿਟ, ਸਟੱਡੀ ਵੀਜ਼ਾ, ਜਾਂ ਵਿਜ਼ਟਰ ਵੀਜ਼ਾ ਦੀ ਮਿਆਦ ਖ਼ਤਮ ਹੋ ਗਈ ਹੈ, ਉਨ੍ਹਾਂ ਕੋਲ ਹੁਣ ਆਪਣੀ ਸਥਿਤੀ ਬਹਾਲ ਕਰਨ ਦਾ ਮੌਕਾ ਹੈ। ਇਸ ਨਾਲ ਉਹ ਕੈਨੇਡਾ ਵਿੱਚ ਆਪਣੀ ਪੜ੍ਹਾਈ ਜਾਰੀ ਰੱਖ ਸਕਣਗੇ ਅਤੇ ਕਾਨੂੰਨੀ ਤੌਰ ’ਤੇ ਕੰਮ ਕਰ ਸਕਣਗੇ।




ਕੈਨੇਡਾ ਦੀ ਇੰਮੀਗ੍ਰੇਸ਼ਨ ਮੰਤਰੀ ਲੀਨਾ ਡਾਇਬ ਵਲੋਂ ਐਲਾਨੀ ਗਈ ਇਸ ਯੋਜਨਾ ਦੇ ਤਹਿਤ ਅੰਤਰਰਾਸ਼ਟਰੀ ਵਿੱਦਿਆਰਥੀਆਂ, ਅਸਥਾਈ ਕਾਮਿਆਂ ਅਤੇ ਕੁਦਰਤੀ ਆਫ਼ਤਾਂ ਤੋਂ ਪ੍ਰਭਾਵਿਤ ਸੈਲਾਨੀਆਂ ਨੂੰ ਰਾਹਤ ਪ੍ਰਦਾਨ ਕੀਤੀ ਗਈ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਜਿਨ੍ਹਾਂ ਦੇ ਵੀਜ਼ੇ 90 ਦਿਨਾਂ ਤੋਂ ਵੱਧ ਸਮੇਂ ਪਹਿਲਾਂ ਖ਼ਤਮ ਹੋ ਗਏ ਹਨ, ਉਨ੍ਹਾਂ ਨੂੰ ਵੀ ਆਪਣੀ ਸਥਿਤੀ ਬਹਾਲ ਕਰਨ ਦਾ ਮੌਕਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਐਮਰਜੈਂਸੀ ਸੇਵਾਵਾਂ ਨਾਲ ਜੁੜੇ ਵਿਦੇਸ਼ੀ ਕਾਮਿਆਂ ਨੂੰ ਵੀਜ਼ਾ ਅਤੇ ਬਾਇਓਮੈਟ੍ਰਿਕ ਫ਼ੀਸਾਂ ਤੋਂ ਛੋਟ ਦਿੱਤੀ ਗਈ ਹੈ ਤਾਂ ਜੋ ਉਹ ਪ੍ਰਭਾਵਿਤ ਖੇਤਰਾਂ ਵਿੱਚ ਜਲਦੀ ਸਹਾਇਤਾ ਪਹੁੰਚਾ ਸਕਣ।ਇਸ ਫ਼ੈਸਲੇ ਨਾਲ ਕੈਨੇਡਾ ਵਿੱਚ ਪੰਜਾਬੀ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਪੰਜਾਬ ਵਿੱਚ ਰਹਿਣ ਵਾਲੇ ਮਾਪੇ ਵੀ ਇਸ ਨੂੰ ਆਪਣੇ ਬੱਚਿਆਂ ਦੇ ਭਵਿੱਖ ਲਈ ਇੱਕ ਮਹੱਤਵਪੂਰਨ ਰਾਹਤ ਵਜੋਂ ਦੇਖ ਰਹੇ ਹਨ। ਜਿਹੜੇ ਨੌਜਵਾਨ ਪਹਿਲਾਂ ਆਪਣੀ ਸਥਿਤੀ ਬਾਰੇ ਅਨਿਸ਼ਚਿਤ ਸਨ, ਉਨ੍ਹਾਂ ਨੂੰ ਹੁਣ ਕਾਨੂੰਨੀ ਸੁਰੱਖਿਆ ਅਤੇ ਸਥਿਰਤਾ ਦੇ ਖੇਤਰ ਵਿੱਚ ਉਮੀਦ ਮਿਲੀ ਹੈ। ਇੱਕ ਇੰਮੀਗ੍ਰੇਸ਼ਨ ਮਾਹਿਰ ਨੇ ਇਸ ਫ਼ੈਸਲੇ ਨੂੰ ਪੰਜਾਬੀ ਨੌਜਵਾਨਾਂ ਲਈ ਦੂਜਾ ਮੌਕਾ ਦੱਸਿਆ ਹੈ। ਉਨ੍ਹਾਂ ਅਨੁਸਾਰ ਬਹੁਤ ਸਾਰੇ ਵਿੱਦਿਆਰਥੀ ਅਤੇ ਕਾਮੇ ਤਕਨੀਕੀ ਮੁੱਦਿਆਂ ਕਾਰਨ ਆਪਣਾ ਦਰਜਾ ਗੁਆ ਚੁੱਕੇ ਸਨ, ਪਰ ਹੁਣ ਉਹ ਬਿਨਾਂ ਕਿਸੇ ਰੁਕਾਵਟ ਦੇ ਆਪਣੀ ਪੜ੍ਹਾਈ ਅਤੇ ਕਰੀਅਰ ਜਾਰੀ ਰੱਖ ਸਕਦੇ ਹਨ ਅਤੇ ਸਥਾਈ ਨਿਵਾਸ (ਪੀ.ਆਰ.) ਵਲ ਅੱਗੇ ਵੱਧ ਸਕਦੇ ਹਨ।

# ਆਗਰਾ ਤੋਂ ਵ੍ਰਿੰਦਾਵਨ ਤਕ ਕਾਰ ਖਿੱਚ ਕੇ ਪਹਿਲਵਾਨ ਨੇ ਪੂਰੀ ਕੀਤੀ ਭਗਤੀ ਯਾਤਰਾ

ਮਥੁਰਾ , 13 ਅਪ੍ਰੈਲ (ਪ੍ਰਤੀਨਿਧੀ) : ਆਗਰਾ ਦੇ ਇੱਕ ਪਹਿਲਵਾਨ ਗੌਰਵ ਚਾਹਰ ਨੇ ਸੰਤ ਪ੍ਰੇਮਾਨੰਦ ਮਹਾਰਾਜ ਨੂੰ ਮਿਲਣ ਲਈ ਆਪਣੀ ਕਮਰ ਨਾਲ ਰੱਸੀ ਬੰਨ੍ਹ ਕੇ ਆਗਰਾ ਤੋਂ ਵ੍ਰਿੰਦਾਵਨ ਤਕ ਇੱਕ ਭਾਰੀ ਕਾਰ ਖਿੱਚੀ। ਇਹ ਦੂਰੀ ਲੱਗਭਗ 90 ਕਿਲੋਮੀਟਰ ਹੈ।

ਸਥਾਨਕ ਲੋਕਾਂ ਤੇ ਸ਼ਰਧਾਲੂਆਂ ਨੇ ਉਨ੍ਹਾਂ ਦੇ ਸ਼ਾਨਦਾਰ ਯਤਨਾਂ ਨੂੰ ਦੇਖਦੇ ਹੋਏ ‘ਰਾਧੇ-ਰਾਧੇ’ ਦੇ ਨਾਅਰੇ ਲਾਏ ਤੇ ਸ਼ੋਸ਼ਲ ਮੀਡੀਆ ’ਤੇ ਇੱਕ ਵੀਡੀਓ ਸਾਂਝੀ ਕੀਤੀ। ਗੌਰਵ ਨੇ ਦੱਸਿਆ ਕਿ ਇਸ ਭਗਤੀ ਯਾਤਰਾ ਦੌਰਾਨ ਉਨ੍ਹਾਂ ਦਾ ਟੀਚਾ ਸਿਰਫ਼ ਇੱਕ ਰਿਕਾਰਡ ਬਣਾਉਣਾ ਨਹੀਂ ਸੀ ਸਗੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਤੇ ਸਰੀਰਕ ਅਤੇ ਅਧਿਆਤਮਿਕ ਵਿਕਾਸ ਲਈ ਪ੍ਰੇਰਿਤ ਕਰਨਾ ਸੀ।

# ਜਸਵੀਨ ਸੰਘਾ ਨੂੰ ਅਮਰੀਕੀ-ਕੈਨੇਡੀਅਨ ਅਦਾਕਾਰ ਮੈਥਿਊ ਪੈਰੀ ਦੀ ਮੌਤ ਲਈ 15 ਸਾਲ ਦੀ ਸਜ਼ਾ





ਵਾਸ਼ਿੰਗਟਨ, 13 ਅਪ੍ਰੈਲ (ਪ੍ਰਤੀਨਿਧੀ) : ਅਮਰੀਕੀ-ਕੈਨੇਡੀਅਨ ਅਦਾਕਾਰ ਮੈਥਿਊ ਪੈਰੀ ਦੀ ਨਸ਼ੇ ਕਾਰਨ ਮੌਤ ਦੇ ਮਾਮਲੇ ਵਿੱਚ ਪੰਜਾਬੀ ਮੂਲ ਦੀ ਮਹਿਲਾ ਜਸਵੀਨ ਸੰਘਾ ਨੂੰ ਸਜ਼ਾ ਸੁਣਾਏ ਜਾਣ ਤੋਂ ਬਾਅਦ ਉਸ ਦਾ ਨਾਮ ਮੁੜ ਚਰਚਾ ਵਿੱਚ ਆਗਿਆ ਹੈ।

22 ਜੁਲਾਈ 1983 ਨੂੰ ਜਨਮੀ ਜਸਵੀਨ ਸੰਘਾ ਇੱਕ ਬ੍ਰਿਟਿਸ਼-ਅਮਰੀਕੀ ਅਪਰਾਧੀ ਅਤੇ ਡਰੱਗ ਡੀਲਰ ਹੈ ਜਿਸ ਨੂੰ ’ਕੈਟਾਮਾਈਨ ਕੁਈਨ’ ਵਜੋਂ ਜਾਣਿਆ ਜਾਂਦਾ ਹੈ। ਅਦਾਕਾਰ ਮੈਥਿਊ ਪੈਰੀ ਦੀ ਨਸ਼ੇ ਦੀ ਜ਼ਿਆਦਾ ਮਾਤਰਾ (ਓਵਰਡੋਜ਼) ਕਾਰਨ ਹੋਈ ਮੌਤ ਦੇ ਸਬੰਧ ਵਿੱਚ ਲੱਗੇ ਦੋਸ਼ਾਂ ਸਬੰਧੀ ਗੁਨਾਹ ਕਬੂਲ ਕਰਨ ਤੋਂ ਬਾਅਦ ਉਸ(ਸੰਘਾ) ਨੇ ਅੰਤਰਰਾਸ਼ਟਰੀ ਪੱਧਰ ’ਤੇ ਧਿਆਨ ਖਿੱਚਿਆ।

ਪ੍ਰੌਸੀਕਿਊਟਰਾਂ ਨੇ ਦੋਸ਼ ਲਾਇਆ ਕਿ ਸੰਘਾ ਨੇ ਕਈ ਸਾਲਾਂ ਤੱਕ ਆਪਣੇ ਉੱਤਰੀ ਹਾਲੀਵੁੱਡ ਦੇ ਘਰ ਤੋਂ ਨਸ਼ੀਲੇ ਪਦਾਰਥਾਂ ਦੀ ਵੰਡ ਦਾ ਨੈੱਟਵਰਕ ਚਲਾਇਆ। 8 ਅਪਰੈਲ ਨੂੰ, ਸੰਘਾ ਨੂੰ ਪੈਰੀ ਦੀ ਮੌਤ ਦਾ ਕਾਰਨ ਬਣੀ ਕੈਟਾਮਾਈਨ ਦੀ ਸਪਲਾਈ ਕਰਨ ਵਿੱਚ ਭੂਮਿਕਾ ਲਈ 15 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਉਹ ਅਗਸਤ 2024 ਤੋਂ ਜੇਲ੍ਹ ਵਿੱਚ ਬੰਦ ਹੈ।

ਮੁੱਢਲਾ ਜੀਵਨ ਅਤੇ ਸਿੱਖਿਆ

ਸੰਘਾ ਦਾ ਜਨਮ ਲੰਡਨ ਵਿੱਚ ਹੋਇਆ ਸੀ। ਉਹ ਪੰਜਾਬੀ ਮੂਲ ਦੀ ਹੈ ਅਤੇ ਉੱਦਮੀ ਨੀਲਮ ਸਿੰਘ ਅਤੇ ਬਲਜੀਤ ਸਿੰਘ ਛੋਕਰ ਦੀ ਧੀ ਹੈ। ਉਸ ਦੇ ਦਾਦਾ-ਦਾਦੀ ਨੇ ਪੂਰਬੀ ਲੰਡਨ ਵਿੱਚ ਫੈਸ਼ਨ ਰਿਟੇਲ ਉਦਯੋਗ ਵਿੱਚ ਕਾਫ਼ੀ ਦੌਲਤ ਕਮਾਈ ਸੀ। ਉਸ ਦੀ ਮਾਂ ਦੇ ਦੂਜੇ ਵਿਆਹ ਤੋਂ ਬਾਅਦ, ਪਰਿਵਾਰ ਕੈਲਾਬਾਸਾਸ ਕੈਲੀਫੋਰਨੀਆ ਵਿੱਚ ਆ ਗਿਆ, ਜਿੱਥੇ ਸੰਘਾ ਨੇ ਆਪਣਾ ਮੁਢਲਾ ਜੀਵਨ ਬਿਤਾਇਆ। 2001 ਵਿੱਚ ਸੰਘਾ ਨੇ ਕੈਲਾਬਾਸਾਸ ਵਿੱਚ ਆਪਣੀ ਹਾਈ ਸਕੂਲ ਦੀ ਪੜ੍ਹਾਈ ਪੂਰੀ ਕੀਤੀ।

ਸੰਘਾ ਸਟੂਡੀਓ ਸਿਟੀ ਲਾਸ ਏਂਜਲਸ ਵਿੱਚ ’ਸਟਾਈਲੈਟੋ ਨੇਲ ਬਾਰ’ ਵਜੋਂ ਜਾਣੇ ਜਾਂਦੇ ਇੱਕ ਕਾਰੋਬਾਰ ਨਾਲ ਜੁੜੀ ਹੋਈ ਸੀ। ਪ੍ਰੌਸੀਕਿਊਟਰਾਂ ਨੇ ਅਦਾਲਤੀ ਦਸਤਾਵੇਜ਼ਾਂ ਵਿੱਚ ਨੋਟ ਕੀਤਾ ਕਿ ਉਹ 2019 ਤੋਂ ਬਾਅਦ ਕਿਸੇ ਕਾਨੂੰਨੀ ਰੁਜ਼ਗਾਰ ਵਿੱਚ ਨਜ਼ਰ ਨਹੀਂ ਆਈ।

ਨਸ਼ਾ ਤਸਕਰੀ ਦੀਆਂ ਗਤੀਵਿਧੀਆਂ ਦੋਸ਼ ਪੱਤਰ ਦੇ ਅਨੁਸਾਰ ਸੰਘਾ ਨੇ ਪੰਜ ਸਾਲਾਂ ਦੀ ਮਿਆਦ ਵਿੱਚ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦਾ ਉਤਪਾਦਨ ਕਰਨ, ਭੰਡਾਰ ਕਰਨ ਅਤੇ ਵੇਚਣ ਲਈ ਉੱਤਰੀ ਹਾਲੀਵੁੱਡ ਵਿੱਚ ਸਥਿਤ ਆਪਣੇ ਅਪਾਰਟਮੈਂਟ ਦੀ ਵਰਤੋਂ ਕੀਤੀ। ਆਪਣੇ ਪਲੀਅ ਐਗਰੀਮੈਂਟ (ਗੁਨਾਹ ਕਬੂਲੀ ਦੇ ਸਮਝੌਤੇ) ਦੇ ਹਿੱਸੇ ਵਜੋਂ, ਉਸ ਨੇ ਸਵੀਕਾਰ ਕੀਤਾ ਕਿ ਉਸ ਦੀ ਰਿਹਾਇਸ਼ 2019 ਤੋਂ ਪਹਿਲਾਂ ਹੀ ਇੱਕ ਵੰਡ ਕੇਂਦਰ ਵਜੋਂ ਕੰਮ ਕਰ ਰਹੀ ਸੀ। ਉਸਦੇ ਸਾਥੀਆਂ ਅਤੇ ਗਾਹਕਾਂ ਵੱਲੋਂ ਉਸਨੂੰ ‘ਕੈਟਾਮਾਈਨ ਕੁਵੀਨ’ ਕਿਹਾ ਜਾਂਦਾ ਸੀ।

ਅਗਸਤ 2019 ਵਿੱਚ ਸੰਘਾ ਨੇ ਕੋਡੀ ਮੈਕਲੋਰੀ ਨਾਮਕ ਇੱਕ ਗਾਹਕ ਨੂੰ ਕੈਟਾਮਾਈਨ ਵੇਚੀ ਸੀ, ਜਿਸ ਦੀ ਲੈਣ-ਦੇਣ ਤੋਂ ਤੁਰੰਤ ਬਾਅਦ ਓਵਰਡੋਜ਼ ਨਾਲ ਮੌਤ ਹੋ ਗਈ ਸੀ। ਪ੍ਰੌਸੀਕਿਊਟਰਾਂ ਨੇ ਦੋਸ਼ ਲਾਇਆ ਕਿ ਸੰਘਾ ਨੂੰ ਪਤਾ ਸੀ ਕਿ ਉਸ ਦੇ ਉਤਪਾਦ ਕਾਰਨ ਮੈਕਲੋਰੀ ਦੀ ਮੌਤ ਹੋਈ ਹੈ, ਪਰ ਫਿਰ ਵੀ ਉਸ ਨੇ ਆਪਣੀ ਤਸਕਰੀ ਜਾਰੀ ਰੱਖੀ। ਮਾਰਚ 2024 ਵਿੱਚ ਉਸ ਦੇ ਘਰ ਦੀ ਤਲਾਸ਼ੀ ਦੌਰਾਨ, ਕਾਨੂੰਨ ਲਾਗੂ ਕਰਨ ਵਾਲੇ ਏਜੰਟਾਂ ਨੇ ਕੋਕੀਨ, ਨਕਲੀ ਜ਼ੈਨੈਕਸ , ਮੈਥੈਂਫੇਟਾਮਾਈਨ ਦੀਆਂ ਗੋਲੀਆਂ ਅਤੇ ਤਰਲ ਕੈਟਾਮਾਈਨ ਦੀਆਂ ਲਗਪਗ 80 ਸ਼ੀਸ਼ੀਆਂ ਸਮੇਤ ਕਈ ਪਦਾਰਥ ਬਰਾਮਦ ਕੀਤੇ।

ਸੰਘਾ ਅਦਾਕਾਰ ਮੈਥਿਊ ਪੈਰੀ ਨੂੰ ਕੈਟਾਮਾਈਨ ਮੁਹੱਈਆ ਕਰਵਾਉਣ ਵਾਲੀ ਮੁੱਖ ਸਪਲਾਇਰ ਬਣ ਗਈ। ਅਕਤੂਬਰ 2023 ਵਿੱਚ ਸੰਘਾ ਨੇ ਪੈਰੀ ਨੂੰ ਕੈਟਾਮਾਈਨ ਪ੍ਰਦਾਨ ਕਰਨ ਲਈ ਏਰਿਕ ਫਲੇਮਿੰਗ ਨਾਲ ਸਹਿਯੋਗ ਕੀਤਾ। ਉਸ ਨੇ ਪਹਿਲਾਂ ਇੱਕ ਬਿਨਾਂ ਬ੍ਰਾਂਡ ਵਾਲੀ ਕੱਚੀ ਸ਼ੀਸ਼ੀ ਵਿੱਚ ਨਸ਼ੀਲੇ ਪਦਾਰਥ ਦਾ ਇੱਕ ਨਮੂਨਾ ਸਪਲਾਈ ਕੀਤਾ। ਇਸ ਸ਼ੁਰੂਆਤੀ ਅਦਲਾ-ਬਦਲੀ ਤੋਂ ਬਾਅਦ ਉਸ ਨੇ ਫਲੇਮਿੰਗ ਰਾਹੀਂ ਪੈਰੀ ਦੇ ਸਹਾਇਕ ਕੇਨੇਥ ਇਵਾਮਾਸਾ ਨੂੰ ਲਗਭਗ 50 ਸ਼ੀਸ਼ੀਆਂ ਵੇਚੀਆਂ। 25 ਸ਼ੀਸ਼ੀਆਂ ਵਾਲੇ ਇੱਕ ਬਾਅਦ ਦੇ ਲੈਣ-ਦੇਣ ਦੌਰਾਨ ਉਸ ਨੇ ਬੋਨਸ ਵਜੋਂ ਕੈਟਾਮਾਈਨ-ਯੁਕਤ ਲਾਲੀਪੌਪ ਵੀ ਸ਼ਾਮਲ ਕੀਤੇ।

ਪ੍ਰੌਸੀਕਿਊਟਰਾਂ ਨੇ ਦੱਸਿਆ ਕਿ ਪੈਰੀ ਦੀ ਮੌਤ ਲਈ ਜ਼ਿੰਮੇਵਾਰ ਖ਼ਾਸ ਖ਼ੁਰਾਕ ਸੰਘਾ ਵੱਲੋਂ ਵੇਚੀਆਂ ਗਈਆਂ ਸ਼ੀਸ਼ੀਆਂ ਵਿੱਚੋਂ ਇੱਕ ਤੋਂ ਆਈ ਸੀ।

ਜਦੋਂ ਅਦਾਕਾਰ ਦੀ ਮੌਤ ਦੀ ਖ਼ਬਰ ਸਾਹਮਣੇ ਆਈ, ਤਾਂ ਦੱਸਿਆ ਜਾਂਦਾ ਹੈ ਕਿ ਸੰਘਾ ਨੇ ਇੱਕ ਐਨਕ੍ਰਿਪਟਡ ਐਪ ’ਤੇ ਫਲੇਮਿੰਗ ਨੂੰ ਸੁਨੇਹਾ ਭੇਜਿਆ ਅਤੇ ਉਸ ਨੂੰ ਆਪਣੀ ਚੈਟ ਹਿਸਟਰੀ ਮਿਟਾਉਣ ਦੇ ਨਿਰਦੇਸ਼ ਦਿੱਤੇ।

# ਵਟਸਐਪ ਤੁਹਾਡੇ ਨਿਜੀ ਸੰਦੇਸ਼ ਪੜ੍ਹ ਰਿਹਾ : ਮਸਕ



ਨਵੀਂ ਦਿੱਲੀ , 13 ਅਪ੍ਰੈਲ (ਪ੍ਰਤੀਨਿਧੀ) : ਵਟਸਐਪ ਦੀ ਨਿੱਜਤਾ ਉਤੇ ਵੱਡਾ ਵਿਵਾਦ ਖੜ੍ਹਾ ਹੋ ਗਿਆ ਹੈ। ਟੈਸਲਾ ਅਤੇ ਸੋਸ਼ਲ ਮੀਡੀਆ ਮੰਚ ਐਕਸ ਦੇ ਮਾਲਕ ਐਲੋਨ ਮਸਕ ਨੇ ਦਾਅਵਾ ਕੀਤਾ ਹੈ ਕਿ “ਵਟਸਐਪ ਉਤੇ ਭਰੋਸਾ ਨਹੀਂ ਕੀਤਾ ਜਾ ਸਕਦਾ”। ਇਸੇ ਤਰ੍ਹਾਂ, ਟੈਲੀਗ੍ਰਾਮ ਦੇ ਸੀ.ਈ.ਓ. ਪਾਵਲ ਦੁਰੋਵ ਨੇ ਇਸ ਨੂੰ ਸੱਭ ਤੋਂ ਵੱਡੀ “ਇਨਕ੍ਰਿਪਸ਼ਨ ਧੋਖਾਧੜੀ” ਕਰਾਰ ਦਿਤਾ।ਇਹ ਵਿਵਾਦ ਅਮਰੀਕਾ ਵਿਚ ਵਟਸਐਪ ਵਿਰੁਧ ਦਰਜ ਕੀਤੇ ਗਏ ਇਕ ਮੁਕੱਦਮੇ ਤੋਂ ਬਾਅਦ ਉਭਰਿਆ ਹੈ। ਵਟਸਐਪ ਦੇ ਮਾਲਕ ਕੰਪਨੀ ਮੈਟਾ ਨੇ ਇਨ੍ਹਾਂ ਦੋਸ਼ਾਂ ਨੂੰ “ਪੂਰੀ ਤਰ੍ਹਾਂ ਝੂਠ ਅਤੇ ਬੇਤੁਕੇ” ਕਹਿੰਦੇ ਹੋਏ ਰੱਦ ਕਰ ਦਿਤਾ ਹੈ। ਕੰਪਨੀ ਦਾ ਕਹਿਣਾ ਹੈ ਕਿ ਵਟਸਐਪ ਪਿਛਲੇ ਦਹਾਕੇ ਤੋਂ ਸਿਗਨਲ ਪ੍ਰੋਟੋਕਾਲ ਵਰਤ ਰਿਹਾ ਹੈ ਅਤੇ ਸੁਨੇਹੇ ਸਿਰਫ ਭੇਜਣ ਵਾਲੇ ਅਤੇ ਪ੍ਰਾਪਤ ਕਰਨ ਵਾਲੇ ਹੀ ਪੜ੍ਹ ਸਕਦੇ ਹਨ।

